# PROSPECTUS
# 2022-23

Estd. 1942




# ਸਰਕਾਰੀ ਬ੍ਰਿਜਿੰਦਰਾ ਕਾਲਜ,
# ਫ਼ਰੀਦਕੋਟ
## (ਨੈਕ ਅਕ੍ਰੈਡਿਟਡ 'ਏ' ਗਰੇਡ)

ਕੀਮਤ : 50/- ਰੁਪੈ

## GOVT. BRIJINDRA COLLEGE,
### FARIDKOT


(Affiliated to Punjabi University, Patiala)
Tel. : 01639-250753 (Office & Fax)
**Email :** gcfaridkot@gmail.com
**College Website :** www.gcfdk.org
**University website :** www.punjabiuniversity.ac.in



# ਕਾਲਜ ਧੁਨੀ

ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ ॥
ਭਰਿ ਸਰਵਰੁ ਜਬ ਊਛਲੈ ਤਬ ਤਰਣੁ ਦੁਹੇਲਾ ॥
ਹਥੁ ਨ ਲਾਇ ਕੁਸੰਭੜੈ ਜਲਿ ਜਾਸੀ ਢੋਲਾ ॥ਰਹਾਉ॥
ਇਕ ਆਪੀਨੈ ਪਤਲੀ ਸਹ ਕੇਰੇ ਬੋਲਾ ॥
ਦੁਧਾ ਥਣੀ ਨਾ ਆਵਈ ਫਿਰਿ ਹੋਇ ਨ ਮੇਲਾ ॥
ਕਹੈ ਫ਼ਰੀਦੁ ਸਹੇਲੀਹੋ ਸਹੁ ਅਲਾਏਸੀ ॥
ਹੰਸ ਚਲਸੀ ਡੁੰਮਣਾ ਅਹਿ ਤਨੁ ਢੇਰੀ ਥੀਸੀ ॥

(ਸ਼ੇਖ਼ ਫ਼ਰੀਦ-ਸੂਹੀ ਲਲਿਤ)



# ਸੰਦੇਸ਼

ਪਿਆਰੇ ਵਿਦਿਆਰਥੀਓ !

ਬਾਬਾ ਫ਼ਰੀਦ ਜੀ ਦੀ ਚਰਨ ਛੋਹ ਪ੍ਰਾਪਤ ਮੁਕੱਦਸ ਧਰਤੀ 'ਤੇ 1942 ਵਿੱਚ ਸਥਾਪਿਤ ਹੋਈ ਮਾਲਵੇ ਦੀ ਸਿਰਮੌਰ ਮਾਣਮੱਤੀ ਸੰਸਥਾ, ਸਰਕਾਰੀ ਬ੍ਰਿਜਿੰਦਰਾ ਕਾਲਜ ਫ਼ਰੀਦਕੋਟ ਅਕਾਦਮਿਕ ਸੈਸ਼ਨ : 2022-23 ਲਈ ਆਪ ਜੀ ਨੂੰ ਜੀ ਆਇਆ ਕਹਿੰਦਾ ਹਾਂ। ਇਸ ਸੰਸਥਾ ਵਿੱਚ ਬੀ.ਏ., ਬੀ.ਐਸ.ਸੀ. (ਮੈਡੀਕਲ/ਨਾਨ-ਮੈਡੀਕਲ), ਬੀ.ਕਾਮ., ਬੀ.ਸੀ.ਏ., ਐਮ.ਏ. (ਪੰਜਾਬੀ, ਇਕਨਾਮਿਕਸ, ਅੰਗਰੇਜ਼ੀ, ਸੰਗੀਤ ਵੋਕਲ), ਐਮ.ਐਸ.ਸੀ. (ਕਮਿਸਟਰੀ), ਡਿਪਲੋਮਾ/ਸਰਟੀਫਿਕੇਟ ਇੰਨ ਆਰਗੈਨਿਕ ਫਾਰਮਿੰਗ ਅਤੇ ਡਿਪਲੋਮਾ/ਸਰਟੀਫਿਕੇਟ ਇੰਨ ਹੋਰਟੀਕਲਚਰ ਫੂਡ ਪਰਜ਼ਰਵੇਸ਼ਨ ਆਦਿ ਕੋਰਸ ਚੱਲ ਰਹੇ ਹਨ। ਇਨ੍ਹਾਂ ਵਾਸਤੇ ਇਸ ਸੰਸਥਾਂ ਵਿੱਚ ਯੋਗ ਅਨੁਭਵੀ, ਮਿਹਨਤੀ ਅਧਿਆਪਕ ਤੁਹਾਡੇ ਭਵਿੱਖ ਦਾ ਨਿਰਮਾਣ ਕਰਨ ਅਤੇ ਦਿਸ਼ਾ ਨਿਰਦੇਸ਼ਨ ਲਈ ਕਾਰਜਸ਼ੀਲ ਹਨ।

ਇਹ ਸੰਸਥਾ ਸਿੱਖਿਆ ਦੇ ਨਾਲ-ਨਾਲ ਸਹਿ ਵਿੱਦਿਅਕ ਗਤੀਵਿਧੀਆਂ ਜਿਵੇਂ ਸੱਭਿਆਚਾਰਕ ਗਤੀਵਿਧੀਆਂ, ਖੇਡਾਂ, ਐਨ.ਐਸ.ਐਸ., ਰੈਡ ਰਿਬਨ ਕਲੱਬ, ਯੁਵਾ ਕਲੱਬ, ਭਾਸ਼ਾ ਮੰਚ ਆਦਿ ਵਿਦਿਆਰਥੀਆਂ ਦੇ ਸਰਵੱਪੱਖੀ ਵਿਕਾਸ ਲਈ ਕਈ ਦਹਾਕਿਆ ਤੋਂ ਆਪਣੀ ਅਹਿਮ ਭੂਮਿਕਾ ਨਿਭਾ ਰਹੀ ਹੈ ਜਿਸ ਕਰਕੇ ਬ੍ਰਿਜਿੰਦਰਾ ਕਾਲਜ ਨੂੰ ਦੋ ਵਾਰ, ਯੂ.ਜੀ.ਸੀ. ਨਵੀਂ ਦਿੱਲੀ ਦੀ ਨੈਸ਼ਨਲ ਅਸੈਸਮੈਂਟ ਅਕ੍ਰੈਡੀਟੇਸ਼ਨ ਕੌਂਸਲ (NAAC) ਵੱਲੋਂ 'ਏ' ਗਰੇਡ ਨਾਲ ਨਿਵਾਜਿਆ ਗਿਆ ਹੈ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਇਸ ਸੰਸਥਾ ਨੇ ਸਮਾਜ ਦੇ ਵੱਖ-ਵੱਖ ਖੇਤਰਾਂ ਵਿੱਚ ਵੱਡਮੁੱਲਾ ਯੋਗਦਾਨ ਪਾਉਣ ਵਾਲੀਆਂ ਨਾਮੀ ਹਸਤੀਆਂ ਪੈਦਾ ਕੀਤੀਆਂ ਹਨ।

ਸਮਾਜ ਦੇ ਬਦਲਦੇ ਦੌਰ ਅਤੇ ਮੁਕਾਬਲੇ ਦੇ ਯੁੱਗ ਵਿੱਚ ਸਿੱਖਿਆ ਦਾ ਮਹੱਤਵ ਪਹਿਲਾਂ ਨਾਲੋਂ ਵੀ ਵਧੇਰੇ ਮਹੱਤਵਪੂਰਨ ਹੋ ਗਿਆ ਹੈ। ਵਿਦਿਆਰਥੀਆਂ ਦੀਆਂ ਵੱਖ-ਵੱਖ ਜਰੂਰਤਾਂ ਨੂੰ ਪੂਰਾ ਕਰਨ ਲਈ ਇਸ ਸੰਸਥਾ ਵਿੱਚ ਆਧੁਨਿਕ ਬੁਨਿਆਂਦੀ ਢਾਂਚਾ, ਵਿਸ਼ਾਲ ਕੈਂਪਸ, ਕੰਪਿਊਟਰਾਈਜ਼ਡ ਲਾਇਬਰੇਰੀ ਅਤੇ ਹੋਰ ਸਹੂਲਤਾਂ ਵੀ ਉਪਲੱਬਧ ਹਨ।

ਅੰਤ ਵਿੱਚ ਮੈਂ ਸੈਸ਼ਨ 2022-23 ਵਿੱਚ ਦਾਖਲ ਹੋ ਰਹੇ ਸਮੂਹ ਵਿਦਿਆਰਥੀਆਂ ਦਾ ਇਸ ਕਾਲਜ ਦੇ ਵਿਹੜੇ ਵਿੱਚ ਨਿੱਘਾ ਸਵਾਗਤ ਕਰਦਾ ਹਾਂ ਅਤੇ ਆਸ ਕਰਦਾ ਹਾਂ ਕਿ ਤੁਸੀਂ ਆਪਣੇ ਆਪ ਨੂੰ ਅਨੁਸ਼ਾਸਿਤ ਵਿਦਿਆਰਥੀ ਸਿੱਧ ਕਰਦੇ ਹੋਏ ਵਾਤਾਵਰਨ ਦੀ ਸੰਭਾਲ ਬਾਰੇ ਜਾਗਰੂਕ ਰਹੋਗੇ ਅਤੇ ਕੋਵਿਡ-19 ਮਹਾਂਮਾਰੀ ਦਾ ਮੁਕਾਬਲਾ ਕਰਨ ਲਈ ਆਪਣੇ ਆਪ ਨੂੰ ਅਤੇ ਸਮਾਜ ਨੂੰ ਸੁਚੇਤ ਰੱਖੋਗੇ।

ਤੁਹਾਡੇ ਉੱਜਲ ਭਵਿੱਖ ਦੀ ਕਾਮਨਾ ਕਰਦਾ ਹੋਇਆ :

**ਡਾ. ਪਰਮਿੰਦਰ ਸਿੰਘ**
ਪ੍ਰਿੰਸੀਪਲ

# ਕਾਲਜ ਦੇ ਸਿਰਮੌਰ ਸਿਤਾਰੇ



ਹਰਪ੍ਰੀਤ ਕੌਰ
ਐਮ.ਏ. ਪੰਜਬੀ ਸਮੈਸਟਰ-1
ਐਸ.ਜੀ.ਪੀ.ਏ. 9.0

ਸੁਖਦੀਪ ਕੌਰ
ਐਮ.ਏ. ਪੰਜਬੀ ਸਮੈਸਟਰ-1
ਐਸ.ਜੀ.ਪੀ.ਏ. 9.0

ਗਗਨਦੀਪ ਕੌਰ
ਐਮ.ਏ. ਪੰਜਬੀ ਸਮੈਸਟਰ-1
ਐਸ.ਜੀ.ਪੀ.ਏ. 9.0

ਸੁਖਪ੍ਰੀਤ ਕੌ੍
ਐਮ.ਏ. ਪੰਜਬੀ ਸਮੈਸਟਰ-1
ਐਸ.ਜੀ.ਪੀ.ਏ. 9.0

ਨਵਜੋਤ ਕੌਰ
ਐਮ.ਏ. ਪੰਜਬੀ ਸਮੈਸਟਰ-1
ਐਸ.ਜੀ.ਪੀ.ਏ. 9.0

ਸੁਖਪ੍ਰੀਤ ਕੌਰ
ਐਮ.ਏ. ਪੰਜਬੀ ਸਮੈਸਟਰ-2
ਐਸ.ਜੀ.ਪੀ.ਏ. 9.0

ਰਮਨਦੀਪ ਕੌਰ
ਐਮ.ਏ. ਪੰਜਬੀ ਸਮੈਸਟਰ-2
ਐਸ.ਜੀ.ਪੀ.ਏ. 9.0

ਗਗਨਪ੍ਰੀਤ ਕੌਰ
ਐਮ.ਏ. ਪੰਜਬੀ ਸਮੈਸਟਰ-2
ਐਸ.ਜੀ.ਪੀ.ਏ. 9.0

ਗਗਨਦੀਪ ਕੌਰ
ਐਮ.ਏ. ਪੰਜਬੀ ਸਮੈਸਟਰ-2
ਐਸ.ਜੀ.ਪੀ.ਏ. 9.0

ਸੁਖਦੀਪ ਕੌਰ
ਐਮ.ਏ. ਪੰਜਬੀ ਸਮੈਸਟਰ-2
ਐਸ.ਜੀ.ਪੀ.ਏ. 9.0



ਹਰਪ੍ਰੀਤ ਕੌਰ
ਐਮ.ਏ. ਪੰਜਬੀ ਸਮੈਸਟਰ-2
ਐਸ.ਜੀ.ਪੀ.ਏ. 9.0

ਨਵਜੋਤ ਕੌਰ
ਐਮ.ਏ. ਪੰਜਬੀ ਸਮੈਸਟਰ-2
ਐਸ.ਜੀ.ਪੀ.ਏ. 9.0

ਜਸਵਿੰਦਰ ਕੌਰ
ਐਮ.ਏ. ਪੰਜਬੀ ਸਮੈਸਟਰ-2
ਐਸ.ਜੀ.ਪੀ.ਏ. 9.0

ਜਸਵੀਰ ਕੌਰ
ਐਮ.ਏ. ਪੰਜਬੀ ਸਮੈਸਟਰ-2
ਐਸ.ਜੀ.ਪੀ.ਏ. 9.0

ਪਰਵਿੰਦਰ ਕੌਰ
ਐਮ.ਏ. ਪੰਜਬੀ ਸਮੈਸਟਰ-2
ਐਸ.ਜੀ.ਪੀ.ਏ. 9.0

ਹਰਪ੍ਰੀਤ ਸਿੰਘ
ਐਮ.ਏ. ਪੰਜਬੀ ਸਮੈਸਟਰ-2
ਐਸ.ਜੀ.ਪੀ.ਏ. 9.0

ਅਰਸ਼ਦੀਪ ਸਿੰਘ
ਐਮ.ਏ. ਪੰਜਬੀ ਸਮੈਸਟਰ-2
ਐਸ.ਜੀ.ਪੀ.ਏ. 9.0

ਨਿਸ਼ਾਨ ਸਿੰਘ
ਐਮ.ਏ. ਪੰਜਬੀ ਸਮੈਸਟਰ-2
ਐਸ.ਜੀ.ਪੀ.ਏ. 9.0

ਮਨੀ ਸਿੰਘ
ਐਮ.ਏ. ਪੰਜਬੀ ਸਮੈਸਟਰ-2
ਐਸ.ਜੀ.ਪੀ.ਏ. 9.0

ਸੁਖਪ੍ਰੀਤ ਕੌਰ
ਐਮ.ਏ. ਪੰਜਬੀ ਸਮੈਸਟਰ-2
ਐਸ.ਜੀ.ਪੀ.ਏ. 9.0



ਮਨਪ੍ਰੀਤ ਕੌਰ
ਐਮ.ਏ. ਪੰਜਬੀ ਸਮੈਸਟਰ-2
ਐਸ.ਜੀ.ਪੀ.ਏ. 9.0

ਨਵਜੋਤ ਕੌਰ
ਐਮ.ਏ. ਪੰਜਬੀ ਸਮੈਸਟਰ-2
ਐਸ.ਜੀ.ਪੀ.ਏ. 9.0

ਵੀਰਪਾਲ ਕੌਰ
ਐਮ.ਏ. ਪੰਜਬੀ ਸਮੈਸਟਰ-2
ਐਸ.ਜੀ.ਪੀ.ਏ. 9.0

ਰਾਜਵੀਰ ਕੌਰ
ਐਮ.ਏ. ਪੰਜਬੀ ਸਮੈਸਟਰ-2
ਐਸ.ਜੀ.ਪੀ.ਏ. 9.0

ਜਸਮੀਨ ਕੌਰ
ਐਮ.ਏ. ਪੰਜਬੀ ਸਮੈਸਟਰ-2
ਐਸ.ਜੀ.ਪੀ.ਏ. 9.0

ਧਰਮਪ੍ਰੀਤ ਕੌਰ
ਐਮ.ਏ. ਪੰਜਬੀ ਸਮੈਸਟਰ-2
ਐਸ.ਜੀ.ਪੀ.ਏ. 9.0

ਅਮਨਦੀਪ ਕੌਰ
ਐਮ.ਏ. ਪੰਜਬੀ ਸਮੈਸਟਰ-2
ਐਸ.ਜੀ.ਪੀ.ਏ. 9.0

ਅਰਸ਼ਦੀਪ ਕੌਰ
ਐਮ.ਏ. ਪੰਜਬੀ ਸਮੈਸਟਰ-2
ਐਸ.ਜੀ.ਪੀ.ਏ. 9.0

ਰਾਜਵਿੰਦਰ ਸਿੰਘ
ਐਮ.ਏ. ਪੰਜਬੀ ਸਮੈਸਟਰ-3
ਐਸ.ਜੀ.ਪੀ.ਏ. 9.20

ਗੁਰਜੀਤ ਕੌਰ
ਐਮ.ਏ. ਪੰਜਬੀ ਸਮੈਸਟਰ-4
ਐਸ.ਜੀ.ਪੀ.ਏ. 87.5



ਮਨਜੀਤ ਕੌਰ
ਐਮ.ਏ. ਇਕਨਾਮਿਕਸ ਸਮੈ-1
ਐਸ.ਜੀ.ਪੀ.ਏ. 9.20

ਨਵਰੀਤ ਕੌਰ
ਐਮ.ਏ. ਇਕਨਾਮਿਕਸ ਸਮੈ-1
ਐਸ.ਜੀ.ਪੀ.ਏ. 9.20

ਸਿਮਰਨਪ੍ਰੀਤ ਕੌਰ
ਐਮ.ਏ. ਇਕਨਾਮਿਕਸ ਸਮੈ-1 ਅਤੇ 2
ਐਸ.ਜੀ.ਪੀ.ਏ. 9.20

ਲਕਸ਼ਮੀ ਦੇਵੀ
ਐਮ.ਏ. ਇਕਨਾਮਿਕਸ ਸਮੈ-3
ਐਸ.ਜੀ.ਪੀ.ਏ. 9

ਸੰਦੀਪ ਕੌਰ
ਐਮ.ਏ. ਇਕਨਾਮਿਕਸ ਸਮੈ-4
ਐਸ.ਜੀ.ਪੀ.ਏ. 9.4

ਮਨਜਿੰਦਰ ਕੌਰ
ਐਮ.ਏ. ਇਕਨਾਮਿਕਸ
ਓਵਰਆਲ ਫਸਟ

ਗੁਰਪ੍ਰੀਤ ਕੌਰ
ਐਮ.ਏ. ਅੰਗਰੇਜ਼ੀ ਸਮੈ-2
ਸੀ.ਜੀ.ਪੀ.ਏ 9.7

ਸੁਮਨ ਰਾਣੀ
ਐਮ.ਏ. ਅੰਗਰੇਜ਼ੀ
ਸਮੈਸਟਰ-3 ਅਤੇ 4

ਲਵਪ੍ਰੀਤ
ਐਮ.ਏ. ਅੰਗਰੇਜ਼ੀ
ਸਮੈਸਟਰ-3.

ਕੋਮਲਪ੍ਰੀਤ ਕੌਰ
ਐਮ.ਏ. ਅੰਗਰੇਜ਼ੀ
ਸਮੈਸਟਰ-3



ਅਰਸ਼ਦੀਪ ਕੌਰ
ਐਮ.ਏ. ਅੰਗਰੇਜ਼ੀ ਸਮੈ-1
ਸੀ.ਜੀ.ਪੀ.ਏ 9.0

ਦਿਕਸ਼ਾ
ਐਮ.ਏ. ਅੰਗਰੇਜ਼ੀ ਸਮੈ-1
ਸੀ.ਜੀ.ਪੀ.ਏ 9.0

ਗੁਰਪ੍ਰੀਤ ਕੌਰ
ਐਮ.ਏ. ਅੰਗਰੇਜ਼ੀ ਸਮੈ-1
ਸੀ.ਜੀ.ਪੀ.ਏ 9.0

ਹਰਪ੍ਰੀਤ ਕੌਰ
ਐਮ.ਏ. ਅੰਗਰੇਜ਼ੀ ਸਮੈ-1
ਸੀ.ਜੀ.ਪੀ.ਏ 9.0

ਮਨਪ੍ਰੀਤ ਕੌਰ
ਐਮ.ਏ. ਅੰਗਰੇਜ਼ੀ ਸਮੈ-1
ਸੀ.ਜੀ.ਪੀ.ਏ 9.0

ਮੁਸਕਾਨ
ਐਮ.ਏ. ਅੰਗਰੇਜ਼ੀ ਸਮੈ-1
ਸੀ.ਜੀ.ਪੀ.ਏ 9.0

ਨਿਵਿਆ
ਐਮ.ਏ. ਅੰਗਰੇਜ਼ੀ ਸਮੈ-1
ਸੀ.ਜੀ.ਪੀ.ਏ 9.0

ਤਮੰਨਾ
ਐਮ.ਏ. ਅੰਗਰੇਜ਼ੀ ਸਮੈ-1
ਸੀ.ਜੀ.ਪੀ.ਏ 9.0

ਸਚਿਨ ਕੁਮਾਰ
ਐਮ.ਐਸ.ਸੀ. (ਕਮਿਸਟਰੀ)
ਸਮੈ-1 (8.27), ਸਮੈ-2 (9)

ਲਵਪ੍ਰੀਤ ਕੌਰ
ਐਮ.ਐਸ.ਸੀ. (ਕਮਿਸਟਰੀ)
ਸਮੈਸਟਰ ਤੀਜਾ (8.91)



ਪ੍ਰਭਦੀਪ ਕੌਰ
ਐਮ.ਐਸ.ਸੀ. (ਕਮਿਸਟਰੀ)
ਸਮੈਸਟਰ-4 (9.0)

ਸੰਜਨਾ
ਬੀ.ਏ. ਭਾਗ ਪਹਿਲਾ ਸਮੈ-1
84.18%

ਗੀਤੀਕਾ ਗੁਪਤਾ
ਬੀ.ਏ. ਭਾਗ ਪਹਿਲਾ ਸਮੈ-2
85%

ਸੰਜਨਾ ਰਾਣੀ
ਬੀ.ਏ. ਭਾਗ ਦੂਸਰਾ ਸਮੈ-3 ਅਤੇ 4
85.8%

ਸੁੱਖਬੀਰ ਕੌਰ
ਬੀ.ਏ. ਭਾਗ ਤੀਸਰਾ ਸਮੈ-5
97.8%

ਨਵਕਿਰਨਦੀਪ ਕੌਰ
ਬੀ.ਏ. ਭਾਗ ਤੀਸਰਾ ਸਮੈ-6
83.8%

ਅਰਸ਼ਪ੍ਰੀਤ ਕੌਰ
ਬੀ.ਐਸ.ਸੀ. ਮੈਡੀਕਲ
ਸਮੈਸਟਰ 1 (497/550)
ਸਮੈਸਟਰ 2 (970/1100)

ਮਾਲਵਿਕਾ
ਬੀ.ਐਸ.ਸੀ. ਮੈਡੀਕਲ
ਸਮੈਸਟਰ 3 (543/625)
ਸਮੈਸਟਰ 4 (1858/2350)

ਕ੍ਰੀਤੀਕਾ
ਬੀ.ਐਸ.ਸੀ. ਮੈਡੀਕਲ
ਸਮੈਸਟਰ 5 (2252/2900)
ਸਮੈਸਟਰ 6 (2732/3450)

ਹਰਪ੍ਰੀਆ
ਬੀ.ਐਸ.ਸੀ. ਨਾਨ ਮੈਡੀਕਲ
ਸਮੈਸਟਰ 1 (468/550)
ਸਮੈਸਟਰ 2 (953/1100)



ਓਮ ਪ੍ਰਕਾਸ਼
ਬੀ.ਐਸ.ਸੀ. ਨਾਨ ਮੈਡੀਕਲ
ਸਮੈਸਟਰ 3 (1453/1725)
ਸਮੈਸਟਰ 4 (1921/2350)

ਕਰਨ ਕਟਾਰੀਆ
ਬੀ.ਐਸ.ਸੀ. ਨਾਨ ਮੈਡੀਕਲ
ਸਮੈਸਟਰ 5 (2447/2900)
ਸਮੈਸਟਰ 6 (2916/3450)

ਸਰਬਜੀਤ ਸਿੰਘ
ਬੀ.ਕਾਮ ਭਾਗ 1
ਸਮੈਮਸਟਰ ਪਹਿਲਾ (479/500)

ਰਿੰਕਲ ਪ੍ਰਜਾਪਤਿ
ਬੀ.ਕਾਮ ਭਾਗ 1
ਸਮੈਮਸਟਰ ਪਹਿਲਾ (479/500)
ਸਮੈਸਟਰ ਦੂਸਰਾ (480/500)

ਲਵਲੀਨ
ਬੀ.ਕਾਮ ਭਾਗ 2
ਸਮੈਮਸਟਰ ਤੀਸਰਾ (456/500)
ਸਮੈਸਟਰ ਚੌਥਾ (463/500)

ਏਂਜਲ ਸੱਚਦੇਵਾ
ਬੀ.ਕਾਮ ਭਾਗ 3
ਸਮੈਮਸਟਰ ਪਹਿਲਾ
(93.90)

ਅਜੇਪਾਲ ਸਿੰਘ
ਬੀ.ਐਸ.ਸੀ. ਐਗਰੀਕਲਚਰ
ਸਮੈਸਟਰ 3 ਅਤੇ 4

ਦੀਪਤੀ ਅਰੋੜਾ
ਬੀ.ਐਸ.ਸੀ. ਐਗਰੀਕਲਚਰ
ਸਮੈਸਟਰ 5

ਸਿਮਰਨਜੀਤ ਕੌਰ
ਬੀ.ਐਸ.ਸੀ. ਐਗਰੀਕਲਚਰ
ਸਮੈਸਟਰ 6

ਕਮਲਪ੍ਰੀਤ ਸਿੰਘ
ਬੀ.ਐਸ.ਸੀ. ਐਗਰੀਕਲਚਰ
ਸਮੈਸਟਰ 7 ਅਤੇ 8



ਪ੍ਰਾਂਸ਼ੂ
ਬੀ.ਸੀ.ਏ. 1
ਸਮੈਸਟਰ -1 (515/600)
ਸਮੈਸਟਰ-2 (536/600)

ਵੰਦਨਾ
ਬੀ.ਸੀ.ਏ. 2
ਸਮੈਸਟਰ -3 (626/700)
ਸਮੈਸਟਰ-4 (688/700)

ਰਿਆ ਰਾਣੀ
ਬੀ.ਸੀ.ਏ. 3
ਸਮੈਸਟਰ -5 (626/700)

# ਤਤਕਰਾ


| ਲੜੀ ਨੰ. | ਵਿਸ਼ਾ | ਪੰਨਾ ਨੰ. |
|---|---|---|
| 1. | ਪ੍ਰਵੇਸ਼ਕਾ | 4 |
| 2. | ਜਰੂਰੀ ਸੰਪਰਕ ਨੰਬਰ | 5 |
| 3. | ਸਟਾਫ ਬਾਰੇ ਜਾਣਕਾਰੀ (ਅਧਿਆਪਨ ਤੇ ਗੈਰ ਅਧਿਆਪਨ) | 7-9 |
| 4. | ਪ੍ਰਮੁੱਖ ਪ੍ਰਬੰਧਕੀ ਸਹਿਯੋਗੀ | 9-13 |
| 5. | ਰਿਜ਼ਰਵ ਸ਼੍ਰੇਣੀ ਦੇ ਉਮੀਦਵਾਰਾਂ ਲਈ ਜ਼ਰੂਰੀ ਹਦਾਇਤਾਂ | 14 |
| 6. | ਦਾਖਲਾ ਫਾਰਮ ਨਾਲ ਨੱਥੀ ਦਸਤਾਵੇਜ਼ ਅਤੇ ਵੱਖ-ਵੱਖ ਸ਼੍ਰੇਣੀਆਂ ਦੇ ਦਾਖਲੇ ਸੰਬੰਧੀ ਯੋਗਤਾ ਅਤੇ ਵਿਸ਼ਿਆਂ ਦੀ ਚੋਣ | 15-20 |
| 7. | ਕਾਲਜ ਅਨੁਸ਼ਾਸਨ ਸਬੰਧੀ ਨਿਯਮ/ਚਿਤਾਵਨੀਆਂ | 20-21 |
| 8. | ਦਾਖਲੇ ਸਬੰਧੀ ਯੂਨੀਵਰਸਿਟੀ ਵੱਲੋਂ ਕੁੱਝ ਜ਼ਰੂਰੀ ਹਦਾਇਤਾਂ ਅਤੇ ਜਨਰਲ ਹਦਾਇਤਾਂ | 22 |
| 9. | ਵਜ਼ੀਫੇ/ਸਕਾਲਰਸ਼ੀਪ | 23-28 |
| 10. | ਪੀ.ਟੀ.ਏ. ਮੁਆਫ਼ ਕਰਨ ਸਬੰਧੀ, ਹੋਸਟਲ ਅਤੇ ਹੋਸਟਲ ਸਬੰਧੀ ਜ਼ਰੂਰੀ ਹਦਾਇਤਾਂ | 29-30 |
| 11. | ਲਾਇਬਰੇਰੀ, ਸ਼ਨਾਖਤੀ ਕਾਰਡ ਸਬੰਧੀ ਨਿਯਮ | 30-31 |
| 12. | ਟਿਊਟੋਰੀਅਲ ਗਰੁੱਪ ਪ੍ਰਣਾਲੀ, ਪ੍ਰੈਕਟੋਰੀਅਲ ਗਰੁੱਪ ਪ੍ਰਣਾਲੀ, ਐਨ.ਐਸ.ਐਸ., ਐਨ.ਸੀ.ਸੀ., ਰੈਡ ਕਰਾਸ ਯੂਨਿਟ | 32 |
| 13. | ਪੀ.ਟੀ.ਏ., ਓ.ਐਸ.ਏ., ਬ੍ਰਿਜਿੰਦਰਾ ਸੱਭਿਆਚਾਰਕ ਮੰਚ, ਕਾਲਜ ਮੈਗਜ਼ੀਨ, ਬੈਂਕ ਸਹੂਲਤ, ਬੱਸ ਪਾਸ ਸੰਬੰਧੀ ਨਿਯਮ | 32-33 |
| 14. | ਕਾਲਜ ਛੱਡਣ ਸਬੰਧੀ, ਜੁਰਮਾਨੇ, ਫੀਸ ਅਦਾਇਗੀ ਦੇ ਨਿਯਮ, ਪੁਨਰ ਦਾਖਲਾ, ਛੁੱਟੀ ਬਾਰੇ ਸੂਚਨਾ | 33-34 |
| 15. | ਘਰੇਲੂ ਪ੍ਰੀਖਿਆਵਾਂ ਸਬੰਧੀ ਨਿਯਮ, ਹਾਜ਼ਰੀਆਂ ਸਬੰਧੀ ਨਿਯਮ | 34-35 |
| 16. | ਇਨਾਮਾ ਸਬੰਧੀ ਨਿਯਮ (ਰੋਲ ਆਫ਼ ਆਨਰ, ਕਾਲਜ ਕਲਰ, ਮੈਰਿਟ ਸਰਟੀਫਿਕੇਟ) | 35-38 |
| 17. | ਫੰਡ ਅਤੇ ਫੀਸ ਦੇ ਵੇਰਵੇ | 38-41 |

# ਪ੍ਰਵੇਸ਼ਕਾ

ਪੰਜਾਬੀ ਯੂਨੀਵਰਸਿਟੀ ਪਟਿਆਲਾ ਨਾਲ ਸੰਬੰਧਿਤ ਸਰਕਾਰੀ ਬ੍ਰਿਜਿੰਦਰਾ ਕਾਲਜ਼, ਫ਼ਰੀਦਕੋਟ ਨੂੰ ਪੰਜਾਬ ਦੀਆਂ ਪ੍ਰਮੁੱਖ ਵਿੱਦਿਅਕ ਸੰਸਥਾਵਾਂ ਵਿੱਚੋਂ ਇੱਕ ਹੋਣ ਦਾ ਮਾਣ ਪ੍ਰਾਪਤ ਹੈ । ਇਸ ਨੂੰ ਫ਼ਰੀਦਕੋਟ ਰਿਆਸਤ ਦੇ ਹੁਕਮਰਾਨ ਮਹਾਰਾਜਾ ਹਰਿੰਦਰ ਸਿੰਘ ਬਰਾੜ ਬੰਸ ਬਹਾਦਰ ਨੇ 23 ਮਾਰਚ, 1942 ਈ. ਨੂੰ ਆਪਣੇ ਪਿਤਾ ਮਹਾਰਾਜਾ ਬ੍ਰਿਜਿੰਦਰ ਸਿੰਘ ਦੀ ਯਾਦ ਵਿੱਚ ਸਥਾਪਿਤ ਕੀਤਾ ਸੀ । ਇਸ ਦੇ ਬਾਨੀ ਪ੍ਰਿੰਸੀਪਲ ਸ਼੍ਰੀ ਮੋਹਨ ਲਾਲ ਖੋਸਲਾ ਜੀ ਸਨ ।

'ਬ੍ਰਿਜਿੰਦਰਾ ਕਾਲਜ' ਪੰਜਾਬ ਦੇ ਉਨ੍ਹਾਂ ਚੌਣਵੇਂ ਸਰਕਾਰੀ ਕਾਲਜਾਂ ਵਿੱਚੋਂ ਇੱਕ ਹੈ ਜਿਨ੍ਹਾਂ ਨੂੰ ਨੈਕ ਦੁਆਰਾ 'ਏ' ਗਰੇਡ ਨਾਲ ਪ੍ਰਮਾਣਿਤ ਕੀਤਾ ਗਿਆ ਹੈ । ਇਸ ਕਾਲਜ ਦੇ ਆਪਣੇ ਗੌਰਵਮਈ ਇਤਿਹਾਸ, ਮਾਣ-ਮੱਤੇ ਅਧਿਆਪਕਾਂ, ਮਿਹਨਤੀ ਗ਼ੈਰ-ਅਧਿਆਪਨ ਸਟਾਫ਼ ਅਤੇ ਹੋਣਹਾਰ ਵਿਦਿਆਰਥੀਆਂ ਦੇ ਸਮੂਹਿਕ ਯੋਗਦਾਨ ਸਦਕਾ ਸਾਰੇ ਦੇਸ਼ ਦੀਆਂ ਉੱਚ-ਸਿੱਖਿਆ ਪ੍ਰਦਾਨ ਕਰ ਰਹੀਆਂ ਸੰਸਥਾਵਾਂ ਵਿੱਚ ਇੱਕ ਉੱਚਾ ਦਰਜਾ ਪ੍ਰਾਪਤ ਕਰ ਲਿਆ ਹੈ । ਅਕਾਦਮਿਕ, ਸੱਭਿਆਚਾਰਕ ਅਤੇ ਖੇਡਾਂ ਦੇ ਖੇਤਰ ਵਿੱਚ ਜੋ ਮੀਲ ਪੱਥਰ ਇਸ ਕਾਲਜ ਦੇ ਵਿਦਿਆਰਥੀਆਂ ਨੇ ਸਥਾਪਿਤ ਕੀਤੇ ਹਨ, ਇਸ ਕਾਲਜ ਅਤੇ ਇਲਾਕੇ ਲਈ ਬੜੇ ਗੌਰਵਮਈ ਹਨ ।

ਸ਼ਾਨਦਾਰ ਦਿੱਖ, ਵਿਸ਼ਾਲ ਚੌਗਿਰਦੇ, ਖੁੱਲ੍ਹੇ ਖੇਡਾਂ ਦੇ ਮੈਦਾਨ ਅਤੇ ਫੁੱਲ ਬੂਟਿਆਂ ਨਾਲ ਸ਼ੋਭਾ ਦੇ ਹਰੇ ਮਨਮੋਹਕ ਪਾਰਕਾਂ ਵਾਲਾ, ਇਸ ਕਾਲਜ ਦਾ ਵਿਹੜਾ, ਇੱਕ ਦਿਲਕਸ਼ ਅਤੇ ਅਕਾਦਮਿਕ ਵਾਤਾਵਰਣ ਪੇਸ਼ ਕਰਦਾ ਹੈ । ਆਪਣੀ ਸਥਾਪਤੀ ਦੇ ਅੱਧੀ ਸਦੀ ਤੋਂ ਵੱਧ ਅਰਸੇ ਤੋਂ ਇਹ ਕਾਲਜ ਫ਼ਰੀਦਕੋਟ ਸ਼ਹਿਰ, ਇਸਦੇ ਆਲੇ-ਦੁਆਲੇ ਦੇ ਪੇਂਡੂ ਖੇਤਰ ਅਤੇ ਦੂਰ-ਦੁਰਾਡੇ ਦੇ ਵਿਦਿਆਰਥੀਆਂ ਲਈ ਗਿਆਨ-ਸੰਚਾਰ ਦਾ ਕੇਂਦਰ ਹੈ । ਇਸ ਕਾਲਜ ਵਿੱਚੋਂ ਵਿੱਦਿਆ ਗ੍ਰਹਿਣ ਕਰ ਚੁੱਕੇ ਵਿਦਿਆਰਥੀ, ਜੀਵਨ ਦੇ ਵਿਭਿੰਨ ਖੇਤਰਾਂ ਵਿੱਚ ਉੱਚੀਆਂ ਪਦਵੀਆਂ ਤੇ ਸ਼ਸ਼ੋਭਿਤ ਰਹੇ ਹਨ ਅਤੇ ਹੁਣ ਵੀ ਹਨ । ਸਿੱਖਿਆ, ਇੰਜੀਨੀਅਰਿੰਗ, ਖੇਤੀਬਾੜੀ, ਪ੍ਰਸ਼ਾਸ਼ਨ, ਰਾਜਨੀਤੀ, ਜੁਡੀਸ਼ਰੀ, ਡਾਕਟਰੀ, ਸਾਹਿਤ, ਕਲਾ, ਫ਼ੌਜ ਅਤੇ ਖੇਡਾਂ ਦੇ ਖੇਤਰ ਵਿੱਚ ਅਨੇਕਾਂ ਸਿਤਾਰਿਆਂ ਨੂੰ ਬ੍ਰਿਜਿੰਦਰਾ ਕਾਲਜ ਦੀ ਉਪਜ ਹੋਣ ਦਾ ਗੌਰਵਮਈ ਅਹਿਸਾਸ ਹੈ । ਆਦਰਸ਼ ਅਤੇ ਗੁਣਾਤਮਕ ਸਿੱਖਿਆ ਦੇ ਆਧੁਨਿਕ ਸੰਕਲਪ ਦੀ ਪਾਲਣਾ ਹਿੱਤ ਬ੍ਰਿਜਿੰਦਰਾ ਕਾਲਜ ਆਪਣੇ ਵਿਦਿਆਰਥੀਆਂ ਦੀ ਸ਼ਖਸੀਅਤ ਦੇ ਸਰਵ-ਪੱਖੀ ਵਿਕਾਸ ਦੇ ਲਕਸ਼ ਨੂੰ ਸਨਮੁੱਖ ਰੱਖਦਾ ਹੈ । ਅਕਾਦਮਿਕ ਸਹੂਲਤਾਂ ਦੇ ਨਾਲ-ਨਾਲ ਇਹ ਕਾਲਜ ਖੇਡਾਂ, ਸੱਭਿਆਚਾਰਕ ਅਤੇ ਸਾਹਿਤਕ ਗਤੀਵਿਧੀਆਂ ਲਈ ਅਨੁਕੂਲ ਵਾਤਾਵਰਣ ਪ੍ਰਦਾਨ ਕਰਨ ਲਈ ਯਤਨਸ਼ੀਲ ਹੈ । ਵਿਦਿਆਰਥੀਆਂ ਨੂੰ ਆਧੁਨਿਕ ਤਕਨਾਲੋਜੀ ਨਾਲ ਸਿੱਖਿਆ ਪ੍ਰਦਾਨ ਕਰਨ ਲਈ ਕਾਲਜ ਵਿੱਚ Virtual ਕਲਾਸਰੂਮ, Smart ਕਲਾਸਰੂਮ, Computer Lab ਅਤੇ ਹੋਰ ਸਹੂਲਤਾਂ ਉਪਲਬੱਧ ਹਨ।

ਖੇਡਾਂ ਵਿੱਚ ਕੁਸ਼ਤੀਆਂ, ਹਾਕੀ, ਵਾਲੀਬਾਲ, ਕ੍ਰਿਕਟ, ਚੈਸ, ਤਾਈਕਵਾਂਡੋ, ਟੇਨਿਸ, ਟੇਬਲ-ਟੇਨਿਸ ਆਦਿ ਦੇ ਨਾਲ-ਨਾਲ ਇੱਕ ਆਧੁਨਿਕ ਸਹੂਲਤਾਂ ਵਾਲਾ ਸਵਿਮਿੰਗ ਪੂਲ ਵੀ ਹੈ । ਅਥਲੈਟਿਕਸ ਦੇ ਖੇਤਰ ਵਿੱਚ ਖੇਡ ਪ੍ਰਤਿਭਾ ਨੂੰ ਪ੍ਰਫੁੱਲਤ ਹੋਣ ਦੇ ਅਵਸਰ ਵੀ ਉਪਲੱਬਧ ਹਨ । ਕਾਲਜ ਦੇ ਗੁਆਂਢ ਵਿੱਚ ਜ਼ਿਲ੍ਹਾ ਖੇਡ ਵਿਭਾਗ ਸਥਿਤ ਹੈ ਜਿਸ ਵਿੱਚ ਆਧੁਨਿਕ ਸਹੂਲਤਾਂ ਵਾਲਾ ਜਿਮਨੇਜ਼ੀਅਮ ਅਤੇ ਸਟੇਡੀਅਮ ਹਨ । ਕਾਲਜ ਵਿੱਚ ਜ਼ਿਲ੍ਹਾ ਖੇਡ ਵਿਭਾਗ ਵੱਲੋਂ ਆਧੁਨਿਕ ਹਾਕੀ ਸਟੇਡੀਅਮ (ਐਸਟ੍ਰੋਟਫ ਗਰਾਊਂਡ) ਵੀ ਬਣਾਇਆ ਗਿਆ ਹੈ । ਖਿਡਾਰੀਆਂ ਦੀ ਸਰੀਰਕ ਬਣਤਰ ਸਡੌਲ ਰੱਖਣ ਲਈ ਕਾਲਜ ਵਿੱਚ ਆਧੁਨਿਕ ਹੈਲਥ ਕਲੱਬ ਸਥਾਪਿਤ ਹੈ ਜਿੱਥੇ ਵਿਦਿਆਰਥੀ ਸਰੀਰਕ ਅਰੋਗਤਾ ਨੂੰ ਕਾਇਮ ਰੱਖਦੇ ਹਨ ।

ਵਿਦਿਆਰਥੀਆਂ ਵਿੱਚ ਕਲਾਤਮਕ, ਸੁਹਜਾਤਮਕ, ਸੱਭਿਆਚਾਰਕ ਅਤੇ ਸਮਾਜ-ਸੇਵੀ ਰੁਚੀਆਂ ਪੈਦਾ ਕਰਨ ਲਈ ਕਾਲਜ ਦੇ ਯੁਵਕ ਭਲਾਈ ਵਿਭਾਗ, ਰੈਡ ਕਰਾਸ ਸੁਸਾਇਟੀ ਅਤੇ ਰਾਸ਼ਟਰੀ ਸੇਵਾ ਯੋਜਨਾ (N.S.S.) ਸਾਰਾ ਸਾਲ ਕਿਰਿਆਸ਼ੀਲ ਰਹਿੰਦੇ ਹਨ। ਵਿਦਿਆਰਥੀਆਂ ਦੇ ਸਰਵ-ਪੱਖੀ ਵਿਕਾਸ ਲਈ ਵੱਖ-ਵੱਖ ਵਿਭਾਗਾਂ ਵਿੱਚ ਵਿਦਿਆਰਥੀਆਂ ਦੀਆਂ ਵਿਭਾਗੀ ਐਸੋਸੀਏਸ਼ਨ ਕੰਮ ਕਰ ਰਹੀਆਂ ਹਨ । ਕਾਲਜ ਵਿੱਚ ਹਾਇਰ ਐਜੂਕੇਸ਼ਨ ਇੰਸਟੀਚਿਊਟ ਸੁਸਾਇਟੀ (ਰਜਿ.) ਸਰਕਾਰੀ ਬ੍ਰਿਜਿੰਦਰਾ ਕਾਲਜ ਫ਼ਰੀਦਕੋਟ (H.E.I.S.-GBC) ਬਣਾਈ ਗਈ ਹੈ ।

## ਜਰੂਰੀ ਸੰਪਰਕ ਨੰਬਰ

ਪ੍ਰਿੰਸੀਪਲ ਦਫ਼ਤਰ ........ 01639-250753
ਪ੍ਰੋ. (ਡਾ.) ਪਰਮਿੰਦਰ ਸਿੰਘ (ਪ੍ਰਿੰਸੀਪਲ) ........ 98763-00624
ਪ੍ਰੋ. ਨਵੀਨ ਜੈਨ (ਬਰਸਰ/ਸੀਨੀਅਰ ਟਿਊਟਰ) ........ 94644-09089
ਪ੍ਰੋ. (ਡਾ.) ਪੂਜਾ ਭੱਲਾ (ਰਜਿਸਟਰਾਰ/ਸਟਾਫ਼ ਸਕੱਤਰ) ........ 98726-50676
ਪ੍ਰੋ. ਕੁਲਵਿੰਦਰ ਕੌਰ (ਐਨ. ਐਸ. ਐਸ. ਕੋਆਰਡੀਨੇਟਰ) ........ 94636-27904
ਪ੍ਰੋ. (ਡਾ.) ਨਿਰਵਰਿੰਦਰ ਕੌਰ ਸੰਧੂ (ਰੂਸਾ ਕੋਆਰਡੀਨੇਟਰ) ........ 94630-95450
ਪ੍ਰੋ. ਜਗਦੀਪ ਸਿੰਘ (ਹੋਸਟਲ ਕਨਵੀਨਰ) ........ 94782-19330
ਪ੍ਰੋ. (ਡਾ.) ਰਾਜੇਸ਼ ਮੋਹਨ (ਯੂਥ ਕੋਆਰਡੀਨੇਟਰ) ........ 70092-24879
ਪ੍ਰੋ. (ਡਾ.) ਸਾਲਿਨੀ ਗੋਇਲ (ਪ੍ਰਾਸਪੈਕਟਸ ਇੰਚਾਰਜ਼) ........ 98726-53933
ਪ੍ਰੋ. ਪਰਮਜੀਤ ਕੌਰ (ਆਨ ਲਾਈਨ ਪੋਰਟਲ ਇੰਚਾਰਜ਼) ........ 86990-61348
ਸ਼੍ਰੀਮਤੀ ਗੁਰਮੀਤ ਕੌਰ (ਸਟੈਨੋ) ........ 94647-87170

## ਕਾਲਜ ਵਿੱਚ ਪੜ੍ਹਾਏ ਜਾਣ ਵਾਲੇ ਕੋਰਸ

| ਨੰ. | ਕੋਰਸ | ਸਮੈਸਟਰ/ਸਲਾਨਾ ਪ੍ਰਣਾਲੀ | ਸੀਟਾਂ ਦੀ ਗਿਣਤੀ |
|---|---|---|---|
| 1. | ਐਮ. ਏ. (ਅਰਥ-ਸ਼ਾਸ਼ਤਰ) | ਸਮੈਸਟਰ ਪ੍ਰਣਾਲੀ | 40 |
| 2. | ਐਮ. ਏ. (ਪੰਜਾਬੀ) | ਸਮੈਸਟਰ ਪ੍ਰਣਾਲੀ | 40 |
| 3. | ਐਮ. ਏ. (ਸੰਗੀਤ ਵੋਕਲ) | ਸਮੈਸਟਰ ਪ੍ਰਣਾਲੀ | 40 |
| 4. | ਐਮ. ਏ. (ਅੰਗਰੇਜ਼ੀ) | ਸਮੈਸਟਰ ਪ੍ਰਣਾਲੀ | 30 ਸੈਲਫ ਫਾਇਨਾਂਸ |
| 5. | ਐਮ. ਐਸ. ਸੀ (ਕਮਿਸਟਰੀ) | ਸਮੈਸਟਰ ਪ੍ਰਣਾਲੀ | 30 ਸੈਲਫ ਫਾਇਨਾਂਸ |
| 6. | ਬੀ. ਐਸ.ਸੀ (ਖੇਤੀਬਾੜੀ)* ਚਾਰ ਸਾਲਾ ਕੋਰਸ | ਸਮੈਸਟਰ ਪ੍ਰਣਾਲੀ | 50 |
| 7. | ਬੀ. ਐਸ.ਸੀ (ਖੇਤੀਬਾੜੀ)* ਚਾਰ ਸਾਲਾ ਕੋਰਸ | ਸਮੈਸਟਰ ਪ੍ਰਣਾਲੀ | 50 ਸੈਲਫ ਫਾਇਨਾਂਸ |
| 8. | ਬੀ. ਐਸ.ਸੀ (ਮੈਡੀਕਲ) | ਸਮੈਸਟਰ ਪ੍ਰਣਾਲੀ | 50 |
| 9. | ਬੀ. ਐਸ.ਸੀ (ਨਾਨ-ਮੈਡੀਕਲ)** | ਸਮੈਸਟਰ ਪ੍ਰਣਾਲੀ | 50 |
| 10. | ਬੀ. ਕਾਮ.** | ਸਮੈਸਟਰ ਪ੍ਰਣਾਲੀ | 60 |
| 11. | ਬੀ. ਏ. | ਸਮੈਸਟਰ ਪ੍ਰਣਾਲੀ | *** |
| 12. | ਬੀ. ਸੀ. ਏ | ਸਮੈਸਟਰ ਪ੍ਰਣਾਲੀ | 50 ਸੈਲਫ ਫਾਇਨਾਂਸ |
| 13. | Dipolma-Organic Farming**** | 01 ਸਾਲ | 1 ਯੂਨਿਟ |
| 14. | Dipolma-Horticulture and Food Preservation**** | 01 ਸਾਲ | 1 ਯੂਨਿਟ |
| 15. | Certificiate-Organic Farming**** | 06 ਮਹੀਨੇ | 1 ਯੂਨਿਟ |
| 16. | Certificiate-Horticulture and Food Preservation*** | 06 ਮਹੀਨੇ | 1 ਯੂਨਿਟ |

* ਬੀ.ਐਸ.ਸੀ. ਖੇਤੀਬਾੜੀ ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਮਨਜ਼ੂਰੀ ਪ੍ਰਾਪਤ ਹੋਣ 'ਤੇ ਦਾਖਲਾ ਕੀਤਾ ਜਾਵੇਗਾ।

** ਬੀ.ਐਸ.ਸੀ. (ਨਾਨ-ਮੈਡੀਕਲ) ਅਤੇ ਬੀ.ਕਾਮ. ਨੂੰ ਇੱਕ-ਇੱਕ ਵਾਧੂ ਯੂਨਿਟ ਦੀ ਪ੍ਰਵਾਨਗੀ ਡੀ. ਪੀ. ਆਈ. (ਕਾਲਜਾਂ) ਤੋਂ ਪ੍ਰਾਪਤ ਹੋ ਚੁੱਕੀ ਹੈ। ਜਿਸਦਾ ਦਾਖਲਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਮਨਜ਼ੂਰੀ ਪ੍ਰਾਪਤ ਹੋਣ 'ਤੇ ਕੀਤਾ ਜਾਵੇਗਾ।

*** ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਪ੍ਰਤੀ ਸੈਕਸ਼ਨ ਵਿਦਿਆਰਥੀਆਂ ਦੀ ਗਿਣਤੀ 80 ਨਿਰਧਾਰਿਤ ਕੀਤੀ ਗਈ ਹੈ। ਸਟਾਫ਼ ਦੀ ਉਪਲੱਬਧਤਾ ਦੇ ਆਧਾਰ ਤੇ ਵਿਦਿਆਰਥੀਆਂ ਦੀ ਗਿਣਤੀ ਨਿਸ਼ਚਿਤ ਕੀਤੀ ਜਾਵੇਗੀ।

**** ਇਹ ਕੋਰਸ ਜਗਤ ਗੁਰੂ ਨਾਨਕ ਦੇਵ ਓਪਨ ਸਟੇਟ ਯੂਨੀਵਰਸਿਟੀ, ਪਟਿਆਲਾ ਨਾਲ ਐਫੀਲੀਏਟਿਡ ਹਨ।

## ਸਮੈਸਟਰ ਪ੍ਰਣਾਲੀ ਦੇ ਸਾਰੇ ਕੋਰਸਾਂ ਦੇ ਰੈਗੂਲਰ ਦਾਖਲੇ (ਪੰਜਾਬੀ ਯੂਨੀਵਰਸਿਟੀ, ਪਟਿਆਲਾ ਅਨੁਸਾਰ)

ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਵਿੱਦਿਅਕ ਸੈਸ਼ਨ 2022-23 ਦਾ ਦਾਖ਼ਲਾ ਸ਼ਡਿਊਲ ਆਉਣ 'ਤੇ, ਕਾਲਜ ਦੀ ਵੈਬਸਾਈਟ **www.gcfdk.org** ਉੱਪਰ ਦਾਖ਼ਲਾ ਸ਼ਡਿਊਲ ਅਪਲੋਡ ਕਰ ਦਿੱਤਾ ਜਾਵੇਗਾ।

## ਬੇਦਾਅਵਾ

ਪ੍ਰਾਸਪੈਕਟਸ ਵਿੱਚ ਛਾਪੀ ਹਰ ਪ੍ਰਕਾਰ ਦੀ ਸੂਚਨਾ ਭਾਵੇਂ ਸਹੀ ਅਤੇ ਤੱਥ ਅਧਾਰਿਤ ਹੈ ਫਿਰ ਵੀ ਕਾਲਜ ਪ੍ਰਸ਼ਾਸਨ ਜਾਂ ਪ੍ਰਾਸਪੈਕਟਸ ਕਮੇਟੀ, ਪ੍ਰਾਸਪੈਕਟਸ ਦੀ ਛਪਾਈ ਵਿੱਚ ਕਿਸੇ ਵੀ ਪ੍ਰਕਾਰ ਦੀ ਊਣਤਾਈ ਲਈ ਕਾਨੂੰਨੀ ਤੌਰ 'ਤੇ ਜ਼ਿੰਮੇਵਾਰ ਨਹੀਂ ਹੋਵੇਗੀ। ਇਸ ਸੈਸ਼ਨ ਦੌਰਾਨ ਲੋੜ ਪੈਣ ਤੇ ਬਿਨਾਂ ਅਗਾਊਂ ਸੂਚਨਾ ਪੰਜਾਬ ਸਰਕਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਅਤੇ ਕੋਈ ਹੋਰ ਸਮਰੱਥ ਅਧਿਕਾਰੀ ਜਾਂ ਸੰਸਥਾ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਅਨੁਸਾਰ ਛਪੀ ਸੂਚਨਾ ਵਿੱਚ ਤਬਦੀਲੀ ਕੀਤੀ ਜਾ ਸਕਦੀ ਹੈ।

# ਅਧਿਆਪਨ ਸਟਾਫ (Teaching Staff)

ਪ੍ਰਿੰਸੀਪਲ : ਡਾ. ਪਰਮਿੰਦਰ ਸਿੰਘ

ਐਮ. ਫਿਲ., ਪੀ. ਐਚ. ਡੀ. (ਪੀ. ਈ. ਐਸ.-1)

## ਪੰਜਾਬੀ ਵਿਭਾਗ

1. ਪ੍ਰੋ. ਕੁਲਵਿੰਦਰ ਕੌਰ
2. ਪ੍ਰੋ. ਜਗਦੀਪ ਸਿੰਘ
3. ਡਾ. ਨਰਿੰਦਰਜੀਤ ਸਿੰਘ ਬਰਾੜ*
4. ਡਾ. ਪ੍ਰਭਸ਼ਰਨ ਜੋਤ ਕੌਰ*
5. ਪ੍ਰੋ. ਬੂਟਾ ਸਿੰਘ**
6. ਡਾ. ਨਛੱਤਰ ਸਿੰਘ**
7. ਡਾ. ਕੁਲਵਿੰਦਰ ਕੌਰ**
8. ਪ੍ਰੋ. ਕਿਰਨ ਬਾਲਾ**
9. ਡਾ. ਸੁਰਿੰਦਰ ਕੌਰ**
10. ਪ੍ਰੋ. ਮਲਕੀਤ ਸਿੰਘ**
11. ਪ੍ਰੋ. ਭਗਵੰਤ ਸਿੰਘ**
12. ਪ੍ਰੋ. ਹਰਪ੍ਰੀਤ ਸਿੰਘ**

## ਅੰਗਰੇਜੀ ਵਿਭਾਗ

1. ਡਾ. ਨਿਰਵਰਿੰਦਰ ਕੌਰ ਸੰਧੂ
2. ਡਾ. ਸ਼ਾਲਿਨੀ ਗੋਇਲ
3. ਪ੍ਰੋ. ਪਰਮਜੀਤ ਕੌਰ
4. ਪ੍ਰੋ. ਆਕਾਸ਼ਦੀਪ ਕੌਰ**
5. ਪ੍ਰੋ. ਹਰਪ੍ਰੀਤ ਪਾਲ ਸਿੰਘ**
6. ਪ੍ਰੋ. ਰਮਨਦੀਪ ਕੌਰ**
7. ਖਾਲੀ

## ਗਣਿਤ ਵਿਭਾਗ

1. ਪ੍ਰੋ. ਨਵੀਨ ਜੈਨ
2. ਪ੍ਰੋ. ਆਰਤੀ ਰਾਣੀ**
3. ਖਾਲੀ

## ਅਰਥ-ਸ਼ਾਸ਼ਤਰ ਵਿਭਾਗ

1. ਡਾ. ਕੁਸਮ ਮਹੇਸ਼ਵਰੀ *
2. ਡਾ. ਵੀਰਪਾਲ ਕੌਰ**
3. ਡਾ. ਗਗਨਦੀਪ ਕੌਰ**
4. ਖਾਲੀ

## ਸੰਗੀਤ ਵਿਭਾਗ

1. ਡਾ. ਰਾਜੇਸ਼ ਮੋਹਨ
2. ਡਾ. ਅੰਸ਼ੂਮਤੀ
3. ਪ੍ਰੋ. ਅਮਨਪ੍ਰੀਤ ਕੌਰ**

## ਭੂਗੋਲ ਵਿਭਾਗ

1. ਪ੍ਰੋ. ਨਵਦੀਪ ਸਿੰਘ**
2. ਪ੍ਰੋ. ਮਨਿੰਦਰ ਕੌਰ**
3. ਪ੍ਰੋ. ਅਰਮਿੰਦਰ ਸਿੰਘ**
4. ਪ੍ਰੋ. ਗੁਰਲਾਲ ਸਿੰਘ**
5. ਖਾਲੀ

## ਕਮਰਸ ਵਿਭਾਗ

1. ਡਾ. ਪੂਜਾ ਭੱਲਾ
2. ਡਾ. ਗਗਨਦੀਪ ਕੌਰ*
3. ਪ੍ਰੋ. ਪਵਨਪ੍ਰੀਤ ਕੌਰ*
4. ਖਾਲੀ

## ਸਰੀਰਕ ਸਿੱਖਿਆ ਵਿਭਾਗ

1. ਪ੍ਰੋ. ਹਰਜਿੰਦਰ ਸਿੰਘ
2. ਪ੍ਰੋ. ਮਹਿੰਦਰਜੀਤ ਕੌਰ ਬਰਾੜ**
3. ਪ੍ਰੋ. ਰਮਨਦੀਪ ਕੌਰ**

## ਭੌਤਿਕ ਵਿਗਿਆਨ ਵਿਭਾਗ

1. ਪ੍ਰੋ. ਹਰਜੀਤ ਸਿੰਘ*
2. ਪ੍ਰੋ. ਅਮਿਤ ਜੋਸ਼ੀ**
3. ਡਾ. ਸ਼ਿਵ ਸ਼ਕਤੀ ਸਿੰਘ**

## ਬਨਸਪਤੀ ਵਿਗਿਆਨ ਵਿਭਾਗ

1. ਡਾ. ਦੀਪਾ ਗੋਇਲ
2. ਡਾ. ਮੀਨੂੰ ਗੁਪਤਾ
3. ਡਾ. ਪ੍ਰਿਯੰਕਾ ਮੋਂਗਾ**
4. ਪ੍ਰੋ. ਨਵਪ੍ਰੀਤ ਅਰੋੜਾ**

ਨੋਟ : 1. ਜਿੱਥੇ * ਦਾ ਨਿਸ਼ਾਨ ਹੈ ਉੱਥੇ ਪਾਰਟ-ਟਾਈਮ ਅਧਿਆਪਕ ਕੰਮ ਕਰ ਰਿਹਾ ਹੈ।

2. ਜਿੱਥੇ ** ਦਾ ਨਿਸ਼ਾਨ ਹੈ ਉੱਥੇ ਗੈਸਟ ਫੈਕਲਟੀ ਅਧਿਆਪਕ ਕੰਮ ਕਰ ਰਿਹਾ ਹੈ।

3. ਖਾਲੀ ਅਸਾਮੀਆਂ 'ਤੇ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਗੈਸਟ ਫੈਕਲਟੀ ਲੈਕਚਰਾਰ ਦੀ ਨਿਯੁਕਤੀ ਕੀਤੀ ਜਾਂਦੀ ਹੈ।

## ਰਸਾਇਣ ਵਿਭਾਗ

1. ਡਾ. ਅਮਿਤਾ ਰਾਣੀ *
2. ਪ੍ਰੋ. ਗਗਨਦੀਪ ਕੌਰ**
3. ਪ੍ਰੋ. ਗਗਨਦੀਪ ਸਿੰਘ**
4. ਖਾਲੀ
5. ਖਾਲੀ
6. ਖਾਲੀ

## ਖੇਤੀਬਾੜੀ ਵਿਭਾਗ

1. ਪ੍ਰੋ. ਹਿਮਾਂਸ਼ੂ ਨਾਗਪਾਲ
2. ਪ੍ਰੋ. ਸਮਸ਼ੇਰ ਸਿੰਘ
3. ਪ੍ਰੋ. ਰਾਜਬੀਰ ਕੌਰ*
4. ਪ੍ਰੋ. ਦੀਪਇੰਦਰਜੀਤ ਕੌਰ**
5. ਪ੍ਰੋ. ਜੋਤਮਨਿੰਦਰ ਸਿੰਘ**

## ਜੰਤੂ ਵਿਗਿਆਨ ਵਿਭਾਗ

1. ਪ੍ਰੋ. ਵਰਿੰਦਰ ਮੱਕੜ*
2. ਪ੍ਰੋ. ਅਮਨਪ੍ਰੀਤ ਕੌਰ**
3. ਪ੍ਰੋ. ਸੁਖਪਾਲ ਕੌਰ**

## ਹਿੰਦੀ ਵਿਭਾਗ

1. ਪ੍ਰੋ. ਸੋਨਿਕਾ ਰਾਣੀ**

## ਇਤਿਹਾਸ ਵਿਭਾਗ

1. ਪ੍ਰੋ. ਪਰਮਜੀਤ ਕੌਰ**
2. ਪ੍ਰੋ. ਜੈਸਮੀਨ ਵਾਲੀਆ**
3. ਪ੍ਰੋ. ਇੰਦਰਦੀਪ ਸਿੰਘ**

## ਰਾਜਨੀਤੀ ਵਿਭਾਗ

1. ਪ੍ਰੋ. ਸੁਖਜੀਤ ਸਿੰਘ*
2. ਪ੍ਰੋ. ਅਮਰਜੀਤ ਕੌਰ**
3. ਪ੍ਰੋ. ਕੌਸ਼ਲ ਰਾਣੀ**

## ਫਿਲਾਸਫੀ ਵਿਭਾਗ

1. ਪ੍ਰੋ. ਦੇਵਿਕਾ ਸ਼ਰਮਾ**

## ਲਾਇਬਰੇਰੀ ਵਿਭਾਗ

1. ਖਾਲੀ (ਲਾਇਬਰੇਰੀਅਨ)
2. ਖਾਲੀ (ਲਾਇਬਰੇਰੀਅਨ)

## ਦਫ਼ਤਰੀ ਸਟਾਫ

1. ਖਾਲੀ (ਸੁਪਰਡੈਂਟ)
2. ਸ਼੍ਰੀਮਤੀ ਗੁਰਮੀਤ ਕੌਰ (ਸਟੈਨੋ)
3. ਸ਼੍ਰੀ ਅਸ਼ਵਨੀ ਕੁਮਾਰ ਮਹਿਤਾ (ਜੂਨੀਅਰ ਸਹਾਇਕ)
4. ਸ਼੍ਰੀ ਇਕਬਾਲ ਸਿੰਘ (ਜੂਨੀਅਰ ਸਹਾਇਕ)
5. ਸ਼੍ਰੀ ਜਸਪ੍ਰੀਤ ਸਿੰਘ (ਜੂਨੀਅਰ ਸਹਾਇਕ)
6. ਸ਼੍ਰੀਮਤੀ ਸੁਨੀਤਾ ਰਾਣੀ (ਜੂਨੀਅਰ ਸਹਾਇਕ)
7. ਖਾਲੀ (ਜੂਨੀਅਰ ਸਹਾਇਕ)
8. ਖਾਲੀ (ਟਾਈਪਿੰਗ ਇੰਸਟਰੱਕਟਰ)
9. ਖਾਲੀ (ਟਾਈਪਿੰਗ ਇੰਸਟਰੱਕਟਰ ਕਮਰਸ)

## ਐਸ.ਐਲ.ਏ.

1. ਸ਼੍ਰੀ ਕੰਵਰਜੀਤ ਸਿੰਘ
2. ਸ਼੍ਰੀ ਵੀਰਪਾਲ ਕੌਰ

3 ਤੋਂ 8 ਤੱਕ ਖਾਲੀ

## ਜੇ.ਐਲ.ਏ.

1 ਤੋਂ 9 ਤੱਕ ਖਾਲੀ

## ਐਲ.ਏ.

1. ਸ਼੍ਰੀ ਅਮਰਜੀਤ ਸਿੰਘ
2. 2 ਤੋਂ 4 ਤੱਕ ਖਾਲੀ

## ਸੀਨੀਅਰ ਐਲ.ਏ.

1. ਸ਼੍ਰੀ ਰੁਪਿੰਦਰ ਸਿੰਘ
2. ਸ਼੍ਰੀ ਸੁਖਜੀਤ ਸਿੰਘ
3. ਸ਼੍ਰੀ ਸੰਦੀਪ ਕੁਮਾਰ

4 ਤੋਂ 7 ਤੱਕ ਅਸਾਮੀਆਂ ਖਾਲੀ

## ਤਬਲਾ ਪਲੇਅਰ

1. ਸ਼੍ਰੀ ਅਨਿਲ ਕੁਮਾਰ

## ਲਾਇਬਰੇਰੀ ਸਟਾਫ

1. ਖਾਲੀ (ਲਾਇਬਰੇਰੀ ਰਿਸਟੋਰਰ)
2. ਖਾਲੀ

## ਗੈਸਮੈਨ

1. ਖਾਲੀ

## ਟਰੈਕਟਰ ਡਰਾਈਵਰ

1. ਖਾਲੀ

## ਸੇਵਾਦਾਰ ਸਟਾਫ਼

1. ਸ਼੍ਰੀ ਸੁਰਜੀਤ ਸਿੰਘ ਸੰਧੂ
2. ਅਸਾਮੀਆਂ ਖਾਲੀ- (ਮੇਡ ਸਰਵੈਂਟ-1) (ਸੇਵਾਦਾਰ-2), ਅਤੇ (ਵਾਟਰਮੈਨ-1)

## ਚੌਂਕੀਦਾਰ

1 ਤੋਂ 2 ਤੱਕ ਅਸਾਮੀਆਂ ਖਾਲੀ

## ਐਨੀਮਲ ਕੁਲੈਕਟਰ

1. ਖਾਲੀ

## ਮਕੈਨਿਕ-ਕਮ-ਇਲੈਕਟ੍ਰੀਸ਼ੀਅਨ

1. ਖਾਲੀ

## ਹੋਸਟਲ ਸੁਪਰਡੈਂਟ

1. ਖਾਲੀ

## ਚੌਂਕੀਦਾਰ-ਕਮ-ਅਟੈਂਡੈਂਟ

1. ਸ਼੍ਰੀ ਨਰੇਸ਼ ਕੁਮਾਰ
2. ਸ਼੍ਰੀਮਤੀ ਜਸਵੀਰ ਕੌਰ
3. ਸ਼੍ਰੀ ਸੁਰਿੰਦਰ ਸਿੰਘ
4. ਖਾਲੀ

## ਬੇਲਦਾਰ

1. ਸ਼੍ਰੀ ਦਰਸ਼ਨ ਸਿੰਘ
2. ਸ਼੍ਰੀ ਨਛੱਤਰ ਸਿੰਘ
3. ਸ਼੍ਰੀ ਰੇਸ਼ਮ ਸਿੰਘ
4. ਸ਼੍ਰੀਮਤੀ ਰਾਜ ਰਾਣੀ
5. 5 ਤੋਂ 10 ਤੱਕ ਅਸਾਮੀਆਂ ਖਾਲੀ

## ਸਫਾਈ ਸੇਵਕ

1. ਸ਼੍ਰੀ ਪਰਮਜੀਤ ਸਿੰਘ
2. ਸ਼੍ਰੀ ਜਗਦੇਵ ਸਿੰਘ
3. ਸ਼੍ਰੀ ਪਰਵੀਨ ਕੁਮਾਰ
4. 4 ਤੋਂ 5 ਤੱਕ ਅਸਾਮੀਆਂ ਖਾਲੀ

## ਲੇਬਰ-ਕਾਊਂਜ ਐਂਡ ਚਿਕਨ

1 ਤੋਂ 6 ਤੱਕ ਅਸਾਮੀਆਂ ਖਾਲੀ

# ਪ੍ਰਮੁੱਖ ਪ੍ਰਬੰਧਕੀ ਸਹਿਯੋਗੀ

## ਸੀਨੀਅਰ ਟਿਊਟਰ

ਪ੍ਰੋ. ਨਵੀਨ ਜੈਨ

## ਹਾਇਰ ਐਜੂਕੇਸ਼ਨ ਇੰਸਟੀਚਿਊਟ ਸੁਸਾਇਟੀ

ਪ੍ਰੋ. ਕੁਲਵਿੰਦਰ ਕੌਰ (ਮੈਂਬਰ ਸਕੱਤਰ)

## ਕਾਲਜ ਕੌਂਸਲ

1. ਪ੍ਰੋ. ਨਵੀਨ ਜੈਨ
2. ਡਾ. ਪੂਜਾ ਭੱਲਾ
3. ਪ੍ਰੋ. ਕੁਲਵਿੰਦਰ ਕੌਰ
4. ਡਾ. ਨਿਰਵਰਿੰਦਰ ਕੌਰ ਸੰਧੂ
5. ਪ੍ਰੋ. ਜਗਦੀਪ ਸਿੰਘ
6. ਡਾ. ਰਾਜੇਸ਼ ਮੋਹਨ

## ਕਾਲਜ ਬਰਸਰ

1. ਪ੍ਰੋ. ਨਵੀਨ ਜੈਨ

## ਸਟਾਫ਼ ਸਕੱਤਰ

1. ਡਾ. ਪੂਜਾ ਭੱਲਾ

## ਟਾਈਮ ਟੇਬਲ ਕਮੇਟੀ

1. ਪ੍ਰੋ. ਕੁਲਵਿੰਦਰ ਕੌਰ (ਕਨਵੀਨਰ)
2. ਪ੍ਰੋ. ਨਵੀਨ ਜੈਨ (ਸਲਾਹਕਾਰ)
3. ਡਾ. ਸ਼ਾਲਿਨੀ ਗੋਇਲ
4. ਪ੍ਰੋ. ਪਰਮਜੀਤ ਕੌਰ (ਅੰਗਰੇਜ਼ੀ)
5. ਡਾ. ਅਮਿਤਾ ਰਾਣੀ

## ਕਾਲਜ ਪ੍ਰਾਪਰਟੀ

1. ਡਾ. ਕੁਸੁਮ ਮਹੇਸ਼ਵਰੀ (ਕਨਵੀਨਰ)
2. ਪ੍ਰੋ. ਹਰਜੀਤ ਸਿੰਘ
3. ਡਾ. ਗਗਨਦੀਪ ਕੌਰ
4. ਸ਼੍ਰੀ ਕੰਵਰਜੀਤ ਸਿੰਘ (ਸਹਾਇਕ)

## ਰੀ-ਅਡਮੀਸ਼ਨ ਕਮੇਟੀ

1. ਡਾ. ਮੀਨੂੰ ਗੁਪਤਾ (ਕਨਵੀਨਰ)
2. ਡਾ. ਪ੍ਰਭਸ਼ਰਨ ਜੋਤ ਕੌਰ
3. ਪ੍ਰੋ. ਪਵਨਪ੍ਰੀਤ ਕੌਰ
4. ਡਾ. ਕੁਸੁਮ ਮਹੇਸ਼ਵਰੀ
5. ਪ੍ਰੋ. ਰਾਜਬੀਰ ਕੌਰ

## ਘਰੇਲੂ ਪ੍ਰੀਖਿਆਵਾਂ ਸਬੰਧੀ ਕਮੇਟੀ

1. ਡਾ. ਪੂਜਾ ਭੱਲਾ (ਰਜਿਸਟਰਾਰ)
2. ਡਾ. ਸ਼ਾਲਿਨੀ ਗੋਇਲ
3. ਪ੍ਰੋ. ਪਰਮਜੀਤ ਕੌਰ
4. ਡਾ. ਪ੍ਰਭਸ਼ਰਨ ਜੋਤ ਕੌਰ
5. ਡਾ. ਗਗਨਦੀਪ ਕੌਰ
6. ਡਾ. ਅਮਿਤਾ ਰਾਣੀ
7. ਡਾ. ਕੁਸੁਮ ਮਹੇਸ਼ਵਰੀ
8. ਪ੍ਰੋ. ਰਾਜਬੀਰ ਕੌਰ
9. ਸ਼੍ਰੀ ਸੰਦੀਪ ਕੁਮਾਰ (ਸਹਾਇਕ)

## ਯੂ.ਜੀ.ਸੀ. ਕਮੇਟੀ

1. ਪ੍ਰੋ. ਕੁਲਵਿੰਦਰ ਕੌਰ (ਕਨਵੀਨਰ)
2. ਡਾ. ਅਮਿਤਾ ਰਾਣੀ
3. ਪ੍ਰੋ. ਵਰਿੰਦਰ ਮੱਕੜ
4. ਪ੍ਰੋ. ਪਵਨਪ੍ਰੀਤ ਕੌਰ

## NODAL OFFICER AISHE

1. ਡਾ. ਗਗਨਦੀਪ ਕੌਰ

## ਰਿਸਰਚ ਕਮੇਟੀ

1. ਡਾ. ਸ਼ਾਲਿਨੀ ਗੋਇਲ (ਕਨਵੀਨਰ)
2. ਡਾ. ਅਮਿਤਾ ਰਾਣੀ
3. ਡਾ. ਕੁਸੁਮ ਮਹੇਸ਼ਵਰੀ
4. ਡਾ. ਗਗਨਦੀਪ ਕੌਰ

## ਨੈਕ ਕੁਆਲਟੀ ਇੰਮਪਰੂਵਮੈਂਟ ਸੈਲ

1. ਡਾ. ਸ਼ਾਲਿਨੀ ਗੋਇਲ (ਕਨਵੀਨਰ)
2. ਪ੍ਰੋ. ਪਰਮਜੀਤ ਕੌਰ
3. ਪ੍ਰੋ. ਹਿਮਾਸ਼ੂ ਨਾਗਪਾਲ
4. ਪ੍ਰੋ. ਸ਼ਮਸ਼ੇਰ ਸਿੰਘ
5. ਪ੍ਰੋ. ਵਰਿੰਦਰ ਮੱਕੜ
6. ਡਾ. ਕੁਸਮ ਮਹੇਸ਼ਵਰੀ

## ਆਰ.ਟੀ.ਆਈ. ਸੈਲ ਤੇ ਕਾਨੂੰਨੀ ਮਸਲੇ ਸਬੰਧੀ ਕਮੇਟੀ

1. ਡਾ. ਸ਼ਾਲਿਨੀ ਗੋਇਲ (ਕਨਵੀਨਰ)
2. ਪ੍ਰੋ. ਪਰਮਜੀਤ ਕੌਰ

## ਐਜੂਸੈਟ ਕਮੇਟੀ

1. ਪ੍ਰੋ. ਹਰਜੀਤ ਸਿੰਘ (ਕਨਵੀਨਰ)
2. ਡਾ. ਕੁਸੁਮ ਮਹੇਸ਼ਵਰੀ
3. ਸ਼੍ਰੀਮਤੀ ਵੀਰਪਾਲ ਕੌਰ (ਸਹਾਇਕ)

## ਕੌਮੀ ਸੇਵਾ ਯੋਜਨਾ (ਐਨ.ਐਸ.ਐਸ.)

1. ਪ੍ਰੋ. ਕੁਲਵਿੰਦਰ ਕੌਰ (ਕਨਵੀਨਰ)
2. ਪ੍ਰੋ. ਜਗਦੀਪ ਸਿੰਘ
3. ਪ੍ਰੋ. ਪਰਮਜੀਤ ਕੌਰ (ਅੰਗਰੇਜ਼ੀ)
4. ਪ੍ਰੋ. ਬੂਟਾ ਸਿੰਘ
5. ਡਾ. ਨਛੱਤਰ ਸਿੰਘ

## ਐਨ. ਸੀ. ਸੀ.

1. ਡਾ. ਸ਼ਿਵ ਸ਼ਕਤੀ ਸਿੰਘ

## ਰੈਡ ਰਿਬਨ ਕਲੱਬ

1. ਪ੍ਰੋ. ਸੁਖਜੀਤ ਸਿੰਘ
2. ਪ੍ਰੋ. ਮਨਿੰਦਰ ਕੌਰ
3. ਪ੍ਰੋ. ਗੁਰਲਾਲ ਸਿੰਘ

## ਰਾਸ਼ਟਰੀ ਉੱਚਤਰ ਸ਼ਿਕਸ਼ਾ ਅਭਿਆਨ (ਰੂਸਾ)

1. ਡਾ. ਨਿਰਵਰਿੰਦਰ ਕੌਰ ਸੰਧੂ
2. ਪ੍ਰੋ. ਹਰਜੀਤ ਸਿੰਘ
3. ਪ੍ਰੋ. ਵਰਿੰਦਰ ਮੱਕੜ
4. ਡਾ. ਅਮਿਤਾ ਰਾਣੀ
5. ਡਾ. ਕੁਸੁਮ ਮਹੇਸ਼ਵਰੀ
6. ਸ਼੍ਰੀ ਰੁਪਿੰਦਰ ਸਿੰਘ (ਸਹਾਇਕ)

## ਰੈਡ ਕਰਾਸ ਕਮੇਟੀ

1. ਡਾ. ਕੁਸਮ ਮਹੇਸ਼ਵਰੀ (ਕਨਵੀਨਰ)
2. ਡਾ. ਗਗਨਦੀਪ ਕੌਰ (ਕਮਰਸ)

## ਕੈਰੀਅਰ ਕਾਊਂਸਲਿੰਗ, ਗਾਈਡੈਂਸ ਅਤੇ ਪਲੇਸਮੈਂਟ ਸੈੱਲ ਲੜਕੇ/ਲੜਕੀਆਂ

1. ਪ੍ਰੋ. ਪਰਮਜੀਤ ਕੌਰ (ਕਨਵੀਨਰ)
2. ਪ੍ਰੋ. ਜਗਦੀਪ ਸਿੰਘ
3. ਡਾ. ਅਮਿਤਾ ਰਾਣੀ
4. ਪ੍ਰੋ. ਵਰਿੰਦਰ ਮੱਕੜ
5. ਡਾ. ਗਗਨਦੀਪ ਕੌਰ
6. ਪ੍ਰੋ. ਰਮਨਦੀਪ ਕੌਰ (ਅੰਗਰੇਜ਼ੀ)
7. ਪ੍ਰੋ. ਸੋਨਿਕਾ ਰਾਣੀ

## ਕਾਲਜ ਕੈਂਪਸ ਸੁੰਦਰਤਾ ਵਿਭਾਗ

1. ਪ੍ਰੋ. ਵਰਿੰਦਰ ਮੱਕੜ (ਕਨਵੀਨਰ ਅਤੇ ਇੰਚਾਰਜ ਦਰਜਾਚਾਰ ਕਰਮਚਾਰੀ)
2. ਪ੍ਰੋ. ਰਾਜਵੀਰ ਕੌਰ
3. ਡਾ. ਗਗਨਦੀਪ ਕੌਰ
4. ਡਾ. ਅਮਿਤਾ ਰਾਣੀ
5. ਡਾ. ਕੁਸੁਮ ਮਹੇਸ਼ਵਰੀ

## ਡੀਨ ਸਟੂਡੈਂਟ ਵੈਲਫੇਅਰ

1. ਪ੍ਰੋ. ਕੁਲਵਿੰਦਰ ਕੌਰ

## ਬਿਲਡਿੰਗ ਨਿਰਮਾਨ ਅਤੇ ਰੱਖ-ਰਖਾਵ ਕਮੇਟੀ

1. ਡਾ. ਨਿਰਵਰਿੰਦਰ ਕੌਰ ਸੰਧੂ-ਮੇਨ ਬਿਲਡਿੰਗ
2. ਡਾ. ਰਾਜੇਸ਼ ਮੋਹਨ-ਗੁਰੂ ਤੇਗ ਬਹਾਦਰ ਬਲਾਕ
3. ਪ੍ਰੋ. ਰਾਜਵੀਰ ਕੌਰ-ਰੂਸਾ ਬਲਾਕ
4. ਪ੍ਰੋ. ਅਮਿਤਾ ਰਾਣੀ-ਕਲਪਨਾ ਚਾਵਲਾ ਬਲਾਕ/ ਨਿਊਂ ਸਾਇੰਸ ਬਲਾਕ
5. ਡਾ. ਕੁਸਮ ਮਹੇਸ਼ਵਰੀ-ਪੀ. ਜੀ. ਬਲਾਕ
6. ਪ੍ਰੋ. ਵਰਿੰਦਰ ਮੱਕੜ-ਬਾਇਓਲੋਜ਼ੀ ਵਿਭਾਗ
7. ਡਾ. ਗਗਨਦੀਪ ਕੋਰ-ਗੁਰੂ ਨਾਨਕ ਲਾਇਬਰੇਰੀ/ ਸੰਜੀਵਨੀ ਬਲਾਕ

## ਕਾਲਜ ਅਨੁਸ਼ਾਸਨ ਕਮੇਟੀ

1. ਪ੍ਰੋ. ਕੁਲਵਿੰਦਰ ਕੌਰ (ਕਨਵੀਨਰ)
2. ਡਾ. ਸ਼ਾਲਿਨੀ ਗੋਇਲ
3. ਪ੍ਰੋ. ਪਰਮਜੀਤ ਕੌਰ
4. ਡਾ. ਦੀਪਾ ਗੋਇਲ
5. ਡਾ. ਅੰਸ਼ੂਮਤੀ
6. ਡਾ. ਨਰਿੰਦਰਜੀਤ ਸਿੰਘ ਬਰਾੜ
7. ਡਾ. ਪ੍ਰਭਸ਼ਰਨ ਜੋਤ ਕੌਰ
8. ਪ੍ਰੋ. ਹਰਜੀਤ ਸਿੰਘ
9. ਪ੍ਰੋ. ਅਮਿਤਾ ਰਾਣੀ
10. ਡਾ. ਕੁਸਮ ਮਹੇਸ਼ਵਰੀ
11. ਪ੍ਰੋ. ਵਰਿੰਦਰ ਮੱਕੜ
12. ਪ੍ਰੋ. ਮਹਿੰਦਰਜੀਤ ਕੌਰ

## ਛਪਾਈ ਕਮੇਟੀ

1. ਪ੍ਰੋ. ਪਰਮਜੀਤ ਕੌਰ (ਕਨਵੀਨਰ)
2. ਡਾ. ਗਗਨਦੀਪ ਕੌਰ
3. ਪ੍ਰੋ. ਪਵਨਪ੍ਰੀਤ ਕੌਰ
4. ਪ੍ਰੋ. ਕਿਰਨ ਬਾਲਾ
5. ਸ਼੍ਰੀ ਸੰਦੀਪ ਕੁਮਾਰ (ਸਹਾਇਕ)

## ਕਾਲਜ ਕੰਟੀਨ ਕਮੇਟੀ

1. ਡਾ. ਸ਼ਾਲਿਨੀ ਗੋਇਲ (ਕਨਵੀਨਰ)
2. ਪ੍ਰੋ. ਹਰਜਿੰਦਰ ਸਿੰਘ
3. ਡਾ. ਨਰਿੰਦਰਜੀਤ ਸਿੰਘ ਬਰਾੜ
4. ਸ਼੍ਰੀ ਸੁਖਜੀਤ ਸਿੰਘ (ਸਹਾਇਕ)

## ਬੱਸ ਪਾਸ ਕਮੇਟੀ

1. ਪ੍ਰੋ. ਕੁਲਵਿੰਦਰ ਕੌਰ (ਕਨਵੀਨਰ)
2. ਡਾ. ਮੀਨੂੰ ਗੁਪਤਾ
3. ਡਾ. ਅੰਸ਼ੂਮਤੀ
4. ਡਾ. ਨਰਿੰਦਰਜੀਤ ਸਿੰਘ ਬਰਾੜ
5. ਡਾ. ਅਮਿਤਾ ਰਾਣੀ
6. ਡਾ. ਗਗਨਦੀਪ ਕੌਰ
7. ਡਾ. ਕੁਸੁਮ ਮਹੇਸ਼ਵਰੀ
8. ਪ੍ਰੋ. ਵਰਿੰਦਰ ਮੱਕੜ
9. ਸ਼੍ਰੀ ਅਮਰਜੀਤ ਸਿੰਘ (ਸਹਾਇਕ)

## ਕਾਲਜ ਮੈਗਜ਼ੀਨ ਸੰਪਾਦਕੀ ਮੰਡਲ

1. ਡਾ. ਪੂਜਾ ਭੱਲਾ (ਮੁੱਖ ਸੰਪਾਦਕ)
2. ਪ੍ਰੋ. ਕੁਲਵਿੰਦਰ ਕੌਰ (ਪੰਜਾਬੀ)
3. ਡਾ. ਨਿਰਵਰਿੰਦਰ ਕੌਰ ਸੰਧੂ (ਅੰਗਰੇਜ਼ੀ)
4. ਡਾ. ਕੁਸੁਮ ਮਹੇਸ਼ਵਰੀ (ਸੋਸ਼ਲ ਸਾਇੰਸਜ਼)
5. ਡਾ. ਗਗਨਦੀਪ ਕੌਰ (ਕਮਰਸ)
6. ਪ੍ਰੋ. ਵਰਿੰਦਰ ਮੱਕੜ (ਸਾਇੰਸ)
7. ਪ੍ਰੋ. ਰਾਜਵੀਰ ਕੌਰ (ਖੇਤੀਬਾੜੀ)
8. ਪ੍ਰੋ. ਸੋਨਿਕਾ ਰਾਣੀ (ਹਿੰਦੀ)

## ਹੋਸਟਲ ਪ੍ਰਬੰਧਕ ਕਮੇਟੀ

1. ਪ੍ਰੋ. ਜਗਦੀਪ ਸਿੰਘ (ਕਨਵੀਨਰ)
2. ਪ੍ਰੋ. ਹਰਜਿੰਦਰ ਸਿੰਘ
3. ਪ੍ਰੋ. ਹਰਜੀਤ ਸਿੰਘ
4. ਪ੍ਰੋ. ਬੂਟਾ ਸਿੰਘ
5. ਸ਼੍ਰੀ ਜਸਪ੍ਰੀਤ ਸਿੰਘ (ਜੂਨੀਅਰ ਸਹਾਇਕ)

## ਸਾਈਕਲ ਸਟੈਂਡ ਕਮੇਟੀ

1. ਪ੍ਰੋ. ਹਰਜਿੰਦਰ ਸਿੰਘ (ਕਨਵੀਨਰ)
2. ਡਾ. ਨਰਿੰਦਰਜੀਤ ਸਿੰਘ ਬਰਾੜ
3. ਡਾ. ਪ੍ਰਭਸ਼ਰਨ ਜੋਤ ਕੌਰ

## ਕਾਲਜ ਕੈਂਪਸ (ਬਿਜਲੀ ਪ੍ਰਬੰਧ ਸੰਬੰਧੀ ਕਮੇਟੀ)

1. ਡਾ. ਨਰਿੰਦਰਜੀਤ ਸਿੰਘ ਬਰਾੜ (ਕਨਵੀਨਰ)
2. ਪ੍ਰੋ. ਹਰਜੀਤ ਸਿੰਘ
3. ਡਾ. ਅਮਿਤਾ ਰਾਣੀ
4. ਪ੍ਰੋ. ਜੋਤਮਨਿੰਦਰ ਸਿੰਘ
5. ਸ਼੍ਰੀ ਸੁਖਜੀਤ ਸਿੰਘ (ਸਹਾਇਕ)

## ਐਸ.ਸੀ./ਐਸ.ਟੀ. ਵਿਦਿਆਰਥੀਆਂ ਨਾਲ ਪੱਖਪਾਤ ਰੋਕਣ ਸੰਬੰਧੀ ਕਮੇਟੀ

1. ਪ੍ਰੋ. ਜਗਦੀਪ ਸਿੰਘ (ਕਨਵੀਨਰ)
2. ਡਾ. ਕੁਸੁਮ ਮਹੇਸ਼ਵਰੀ
3. ਪ੍ਰੋ. ਗੁਰਲਾਲ ਸਿੰਘ
4. ਪ੍ਰੋ. ਆਰਤੀ ਰਾਣੀ

## ਐਂਟੀ ਰੈਗਿੰਗ ਕਮੇਟੀ, ਸ਼ਿਕਾਇਤ ਨਿਵਾਰਨ ਕਮੇਟੀ

1. ਡਾ. ਕੁਸੁਮ ਮਹੇਸ਼ਵਰੀ (ਕਨਵੀਨਰ)
2. ਡਾ. ਨਰਿੰਦਰਜੀਤ ਸਿੰਘ ਬਰਾੜ
3. ਡਾ. ਗਗਨਦੀਪ ਕੌਰ
4. ਡਾ. ਪ੍ਰਭਸ਼ਰਨ ਜੋਤ ਕੌਰ
5. ਪ੍ਰੋ. ਮਹਿੰਦਰਜੀਤ ਕੌਰ
6. ਪ੍ਰੋ. ਦੀਪਇੰਦਰਜੀਤ ਕੌਰ
7. ਪ੍ਰੋ. ਅਮਨਜੀਤ ਕੌਰ

## ਸਕਾਲਰਸ਼ਿਪ ਕਮੇਟੀ (ਐਸ. ਸੀ./ਬੀ.ਸੀ./ਮਨਿਉਰਟੀ ਅਤੇ ਹੋਰ ਵਿਦਿਆਰਥੀ

1. ਡਾ. ਸ਼ਾਲਿਨੀ ਗੋਇਲ (ਨੋਡਲ ਅਫ਼ਸਰ)
2. ਡਾ. ਮੀਨੂੰ ਗੁਪਤਾ (ਕਨਵੀਨਰ)
3. ਡਾ. ਦੀਪਾ ਗੋਇਲ
4. ਡਾ. ਅੰਸ਼ੂਮਤੀ
5. ਡਾ. ਅਮਿਤਾ ਰਾਣੀ
6. ਪ੍ਰੋ. ਵਰਿੰਦਰ ਮੱਕੜ
7. ਡਾ. ਕੁਸੁਮ ਮਹੇਸ਼ਵਰੀ
8. ਡਾ. ਪ੍ਰਭਸ਼ਰਨ ਜੋਤ ਕੌਰ
9. ਪ੍ਰੋ. ਰਾਜਵੀਰ ਕੌਰ
10. ਪ੍ਰੋ. ਪਵਨਪ੍ਰੀਤ ਕੌਰ
11. ਸ਼੍ਰੀਮਤੀ ਸੁਨੀਤਾ ਰਾਣੀ (ਸਹਾਇਕ)

## ਕੋਰਟ ਕੇਸਾਂ ਸਬੰਧੀ ਕਮੇਟੀ

1. ਡਾ. ਸ਼ਾਲਿਨੀ ਗੋਇਲ (ਕਨਵੀਨਰ)
2. ਡਾ. ਗਗਨਦੀਪ ਕੌਰ (ਕਮਰਸ)
3. ਪ੍ਰੋ. ਪਵਨਪ੍ਰੀਤ ਕੌਰ
4. ਸ਼੍ਰੀ ਇਕਬਾਲ ਸਿੰਘ (ਜੂਨੀਅਰ ਸਹਾਇਕ)
5. ਸ਼੍ਰੀਮਤੀ ਗੁਰਮੀਤ ਕੌਰ (ਸਟੈਨੋ)

## ਸਵੀਮਿੰਗ ਪੂਲ ਕਮੇਟੀ

1. ਪ੍ਰੋ. ਹਰਜਿੰਦਰ ਸਿੰਘ (ਕਨਵੀਨਰ)
2. ਪ੍ਰੋ. ਮਹਿੰਦਰਜੀਤ ਕੌਰ
3. ਪ੍ਰੋ. ਰਮਨਦੀਪ ਕੌਰ (ਫਿਜੀਕਲ ਐਜੂਕੇਸ਼ਨ)
4. ਪ੍ਰੋ. ਵਰਿੰਦਰ ਮੱਕੜ
5. ਪ੍ਰੋ. ਅਮਰਜੀਤ ਕੌਰ

## ਲਾਇਬਰੇਰੀ/ਈ-ਲਾਇਬਰੇਰੀ ਅਤੇ ਇੰਟਰਨੇਟ ਕਮੇਟੀ

1. ਪ੍ਰੋ. ਕੁਲਵਿੰਦਰ ਕੌਰ (ਕਨਵੀਨਰ)
2. ਡਾ. ਰਾਜੇਸ਼ ਮੋਹਨ
3. ਡਾ. ਗਗਨਦੀਪ ਕੌਰ
4. ਪ੍ਰੋ. ਵਰਿੰਦਰ ਮੱਕੜ
5. ਪ੍ਰੋ. ਪਵਨਪ੍ਰੀਤ ਕੌਰ
6. ਪ੍ਰੋ. ਰਾਜਵੀਰ ਕੌਰ

## ਕਾਲਜ ਵੈਬਸਾਈਟ/ਸੋਫ਼ਟਵੇਅਰ/ਵਰਚੂਅਲ ਕਲਾਸ ਰੂਮ/ਆਈ. ਸੀ. ਟੀ. ਕਮੇਟੀ

1. ਡਾ.ਸ਼ਾਲਿਨੀ ਗੋਇਲ - ਕਾਲਜ ਵੈਬ ਸਾਈਟ
2. ਪ੍ਰੋ. ਪਰਮਜੀਤ ਕੌਰ - ਸੋਫ਼ਟਵੇਅਰ
3. ਪ੍ਰੋ. ਪਵਨਪ੍ਰੀਤ ਕੌਰ - ਵਰਚੂਅਲ ਕਲਾਸ ਰੂਮ
4. ਪ੍ਰੋ. ਵਰਿੰਦਰ ਮੱਕੜ - ਵਾਈ-ਫਾਈ/ਇੰਟਰਨੈੱਟ

## ਬ੍ਰਿਜਿੰਦਰਾ ਕਲਚਰਲ ਸੋਸਾਇਟੀ

1. ਡਾ. ਰਾਜੇਸ਼ ਮੋਹਨ (ਯੂਥ ਕੋਆਰਡੀਨੇਟਰ)
2. ਡਾ. ਸ਼ਾਲਿਨੀ ਗੋਇਲ (ਕੋ-ਯੂਥ ਕੋਆਰਡੀਨੇਟਰ)
3. ਪ੍ਰੋ. ਜਗਦੀਪ ਸਿੰਘ
4. ਪ੍ਰੋ. ਪਰਮਜੀਤ ਕੌਰ (ਅੰਗਰੇਜ਼ੀ)
5. ਡਾ. ਅੰਸ਼ੂਮਤੀ
6. ਡਾ. ਗਗਨਦੀਪ ਕੌਰ
7. ਡਾ. ਕੁਸੁਮ ਮਹੇਸ਼ਵਰੀ
8. ਡਾ. ਨਛੱਤਰ ਸਿੰਘ
9. ਪ੍ਰੋ. ਬੂਟਾ ਸਿੰਘ
10. ਡਾ. ਅਮਨਪ੍ਰੀਤ ਕੌਰ (ਸੰਗੀਤ)

## ਕਾਲਜ ਵਿੱਚ ਔਰਤਾਂ ਵਿਰੁੱਧ ਹਿੰਸਾ ਰੋਕਣ ਅਤੇ ਐਂਟੀ ਸੈਕਸੂਅਲ ਹਿਰਾਸਮੈਂਟ ਸੈਲ

1. ਡਾ. ਗਗਨਦੀਪ ਕੌਰ (ਕਨਵੀਨਰ)
2. ਡਾ. ਪ੍ਰਭਸ਼ਰਨ ਜੋਤ ਕੌਰ
3. ਡਾ. ਅਮਿਤਾ ਰਾਣੀ
4. ਪ੍ਰੋ. ਵਰਿੰਦਰ ਮੱਕੜ
5. ਡਾ. ਕੁਸੁਮ ਮਹੇਸ਼ਵਰੀ

## ਕਾਲਜ ਕੈਂਪਸ (ਪਾਣੀ ਅਤੇ ਸੀਵਰੇਜ਼) ਸੰਬੰਧੀ ਕਮੇਟੀ

1. ਪ੍ਰੋ. ਵਰਿੰਦਰ ਮੱਕੜ (ਕਨਵੀਨਰ)
2. ਡਾ. ਨਰਿੰਦਰਜੀਤ ਸਿੰਘ ਬਰਾੜ
3. ਡਾ. ਨਛੱਤਰ ਸਿੰਘ
4. ਪ੍ਰੋ. ਮਲਕੀਤ ਸਿੰਘ
5. ਪ੍ਰੋ. ਭਗਵੰਤ ਸਿੰਘ
6. ਸ਼੍ਰੀ ਅਮਰਜੀਤ ਸਿੰਘ (ਸਹਾਇਕ)

## ਕਾਲਜ ਕੈਂਪਸ ਜਨਰੇਟਰ ਪ੍ਰਬੰਧ ਸੰਬੰਧੀ ਕਮੇਟੀ

1. ਪ੍ਰੋ. ਹਰਜੀਤ ਸਿੰਘ (ਕਨਵੀਨਰ)
2. ਡਾ. ਕੁਸੁਮ ਮਹੇਸ਼ਵਰੀ
3. ਡਾ. ਅਮਿਤਾ ਰਾਣੀ
4. ਡਾ. ਸ਼ਿਵ ਸ਼ਕਤੀ ਸਿੰਘ
5. ਸ਼੍ਰੀ ਸੁਖਦੇਵ ਸਿੰਘ (ਸਹਾਇਕ)

## ਵਿਗਿਆਪਨ ਕਮੇਟੀ

1. ਪ੍ਰੋ. ਕੁਲਵਿੰਦਰ ਕੌਰ (ਕਨਵੀਨਰ)
2. ਡਾ. ਸ਼ਾਲਿਨੀ ਗੋਇਲ
3. ਪ੍ਰੋ. ਪਰਮਜੀਤ ਕੌਰ (ਅੰਗਰੇਜ਼ੀ)
4. ਡਾ. ਦੀਪਾ ਗੋਇਲ

## ਰਾਈਟ ਟੂ ਸਰਵਿਸ ਸਬੰਧੀ ਕਮੇਟੀ

1. ਡਾ. ਗਗਨਦੀਪ ਕੌਰ (ਨੋਡਲ ਅਫ਼ਸਰ)
2. ਡਾ. ਨਰਿੰਦਰਜੀਤ ਸਿੰਘ ਬਰਾੜ
3. ਪ੍ਰੋ. ਹਰਜੀਤ ਸਿੰਘ

## ਡੀ-ਫੇਸਿੰਗ ਆਫ਼ ਕਾਲਜ ਪ੍ਰਾਪਰਟੀ ਰੋਕਣ ਸਬੰਧੀ ਕਮੇਟੀ

1. ਡਾ. ਨਰਿੰਦਰਜੀਤ ਸਿੰਘ ਬਰਾੜ (ਕਨਵੀਨਰ)
2. ਪ੍ਰੋ. ਹਰਜੀਤ ਸਿੰਘ
3. ਡਾ. ਅਮਿਤਾ ਰਾਣੀ
4. ਸ਼੍ਰੀ ਰੁਪਿੰਦਰ ਸਿੰਘ

## ਨਸ਼ਿਆਂ ਦੀ ਰੋਕਥਾਮ ਸਬੰਧੀ ਕਮੇਟੀ

1. ਡਾ. ਨਰਿੰਦਰਜੀਤ ਸਿੰਘ ਬਰਾੜ (ਨੋਡਲ ਅਫ਼ਸਰ)
2. ਪ੍ਰੋ. ਬੂਟਾ ਸਿੰਘ
3. ਪ੍ਰੋ. ਜੋਤਮਨਿੰਦਰ ਸਿੰਘ
4. ਪ੍ਰੋ. ਅਰਮਿੰਦਰ ਸਿੰਘ
5. ਪ੍ਰੋ. ਇੰਦਰਦੀਪ ਸਿੰਘ

## ਪ੍ਰਾਸਪੈਕਟਸ ਕਮੇਟੀ

1. ਡਾ. ਸ਼ਾਲਿਨੀ ਗੋਇਲ (ਕਨਵੀਨਰ)
2. ਪ੍ਰੋ. ਕੁਲਵਿੰਦਰ ਕੌਰ (ਸਲਾਹਕਾਰ)
3. ਪ੍ਰੋ. ਪਰਮਜੀਤ ਕੌਰ (ਅੰਗਰੇਜ਼ੀ)
4. ਡਾ. ਕੁਸੁਮ ਮਹੇਸ਼ਵਰੀ
5. ਡਾ. ਅਮਿਤਾ ਰਾਣੀ
6. ਸ਼੍ਰੀ ਅਸ਼ਵਨੀ ਕੁਮਾਰ ਮਹਿਤਾ (ਸਹਾਇਕ)

## ਇੰਟਰਨਲ ਕੁਆਲਿਟੀ ਐਸ਼ੋਰੈਂਸ ਸੈਲ

1. ਪ੍ਰੋ. ਪਰਮਜੀਤ ਕੌਰ (ਐਡਮਨ ਅਫ਼ਸਰ)
2. ਡਾ. ਅੰਸ਼ੂਮਤੀ
3. ਡਾ. ਕੁਸੁਮ ਮਹੇਸ਼ਵਰੀ
4. ਪ੍ਰੋ. ਪਵਨਪ੍ਰੀਤ ਕੌਰ
5. ਡਾ. ਗਗਨਦੀਪ ਕੌਰ (ਕਮਰਸ)

## ਦਿਵਿਆਂਗ ਵਿਦਿਆਰਥੀਆਂ ਦੇ ਅਧਿਕਾਰਾਂ ਸਬੰਧੀ ਕਮੇਟੀ

1. ਪ੍ਰੋ. ਜਗਦੀਪ ਸਿੰਘ (ਕਨਵੀਨਰ)
2. ਡਾ. ਰਾਜੇਸ਼ ਮੋਹਨ
3. ਡਾ. ਨਛੱਤਰ ਸਿੰਘ
4. ਪ੍ਰੋ. ਹਰਪ੍ਰੀਤ ਪਾਲ ਸਿੰਘ
5. ਪ੍ਰੋ. ਹਰਪ੍ਰੀਤ ਸਿੰਘ (ਪੰਜਾਬੀ)

## ਖੇਤੀਬਾੜੀ ਫਾਰਮ ਕਮੇਟੀ

1. ਪ੍ਰੋ. ਸ਼ਮਸ਼ੇਰ ਸਿੰਘ (ਕਨਵੀਨਰ)
2. ਪ੍ਰੋ. ਰਾਜਬੀਰ ਕੌਰ
3. ਪ੍ਰੋ. ਦੀਪਿੰਦਰਜੀਤ ਸੁਖੀਜਾ
4. ਪ੍ਰੋ. ਜੋਤਮਨਿੰਦਰ ਸਿੰਘ
5. ਸ਼੍ਰੀ ਰੁਪਿੰਦਰ ਸਿੰਘ

## ਫਿਨੀਸ਼ਿੰਗ ਸਕੂਲ ਕਮੇਟੀ

1. ਡਾ. ਨਿਰਵਰਿੰਦਰ ਕੌਰ ਸੰਧੂ (ਕਨਵੀਨਰ)
2. ਡਾ. ਗਗਨਦੀਪ ਕੌਰ
3. ਡਾ. ਕੁਸੁਮ ਮਹੇਸ਼ਵਰੀ
4. ਪ੍ਰੋ. ਵਰਿੰਦਰ ਮੱਕੜ
5. ਪ੍ਰੋ. ਨਵਦੀਪ ਸਿੰਘ
6. ਪ੍ਰੋ. ਅਰਮਿੰਦਰ ਸਿੰਘ
7. ਪ੍ਰੋ. ਮਨਿੰਦਰ ਕੌਰ
8. ਪ੍ਰੋ. ਇੰਦਰਦੀਪ ਸਿੰਘ

## ਸੋਲਰ ਪਲਾਂਟ ਅਤੇ ਕੈਮਰਿਆਂ ਦੀ ਰੱਖ-ਰਖਾਵ ਕਮੇਟੀ

1. ਡਾ. ਅਮਿਤਾ ਰਾਣੀ (ਕਨਵੀਨਰ)
2. ਡਾ. ਕੁਸੁਮ ਮਹੇਸ਼ਵਰੀ
3. ਪ੍ਰੋ. ਵਰਿੰਦਰ ਮੱਕੜ

## ਸਟਾਫ਼ ਰੂਮ ਅਤੇ ਗਰਲਜ਼ ਕਾਮਨ ਰੂਮ ਦੀ ਦੇਖਭਾਲ ਕਮੇਟੀ

1. ਡਾ. ਗਗਨਦੀਪ ਕੌਰ (ਕਨਵੀਨਰ)
2. ਡਾ. ਕੁਸੁਮ ਮਹੇਸ਼ਵਰੀ
3. ਡਾ. ਕੁਲਵਿੰਦਰ ਕੌਰ
4. ਪ੍ਰੋ. ਜੈਸਮੀਨ ਵਾਲੀਆ

## ਕੁਦਰਤੀ ਆਫਤਾਂ ਪ੍ਰਬੰਧਾਂ ਸਬੰਧੀ ਕਮੇਟੀ

1. ਡਾ. ਨਰਿੰਦਰਜੀਤ ਸਿੰਘ ਬਰਾੜ (ਕਨਵੀਨਰ)
2. ਪ੍ਰੋ. ਜੋਤਮਨਿੰਦਰ ਸਿੰਘ
3. ਪ੍ਰੋ. ਨਵਦੀਪ ਸਿੰਘ

## ਪੰਜਾਬੀ ਭਾਸ਼ਾ ਮੰਚ

1. ਡਾ. ਨਛੱਤਰ ਸਿੰਘ (ਕਨਵੀਨਰ)

## ਗੁਰੂਗੋਬਿੰਦ ਸਿੰਘ ਸਟੱਡੀ ਸਰਕਲ-ਕਾਲਜ ਯੂਨਿਟ (ਫ਼ਰੀਦਕੋਟ-ਸ੍ਰੀ ਮੁਕਤਸਰ ਸਾਹਿਬ-ਬਠਿੰਡਾ ਜ਼ੋਨ)

1. ਡਾ. ਗਗਨਦੀਪ ਕੋਰ (ਕਨਵੀਨਰ)
2. ਪ੍ਰੋ. ਵਰਿੰਦਰ ਮੱਕੜ
3. ਪ੍ਰੋ. ਪਵਨਪ੍ਰੀਤ ਕੌਰ
4. ਪ੍ਰੋ. ਬੂਟਾ ਸਿੰਘ
5. ਪ੍ਰੋ. ਸੁਖਜੀਤ ਸਿੰਘ
6. ਪ੍ਰੋ. ਮਨਿੰਦਰ ਕੌਰ
7. ਪ੍ਰੋ. ਕਿਰਨ ਬਾਲਾ

# ਰਿਜ਼ਰਵ ਸ਼੍ਰੇਣੀ ਦੇ ਉਮੀਦਵਾਰਾਂ ਲਈ ਜ਼ਰੂਰੀ ਹਦਾਇਤਾਂ

1. ਹਰ ਰਿਜ਼ਰਵ ਸ਼੍ਰੇਣੀ ਵਿੱਚ ਆਉਣ ਵਾਲੇ ਵਿਦਿਆਰਥੀ ਲਈ ਦਾਖਲਾ ਫਾਰਮ ਤੇ ਕੈਟੇਗਰੀ ਲਿਖਣੀ ਜ਼ਰੂਰੀ ਹੈ। ਜੇਕਰ ਵਿਦਿਆਰਥੀ ਫਾਰਮ ਵਿੱਚ ਕੈਟੇਗਰੀ ਨਹੀਂ ਲਿਖਦਾ ਤਾਂ ਉਸ ਨੂੰ ਜਨਰਲ ਕੈਟੇਗਰੀ ਵਿੱਚ ਹੀ ਸਮਝਿਆ ਜਾਵੇਗਾ ਅਤੇ ਰਿਜ਼ਰਵ ਕੈਟੇਗਰੀ ਦਾ ਕੋਈ ਹੱਕ ਨਹੀਂ ਮਿਲੇਗਾ। ਜੇ ਕੋਈ ਵਿਦਿਆਰਥੀ ਇੱਕ ਤੋਂ ਵੱਧ ਕੈਟੇਗਰੀ ਭਰਦਾ ਹੈ ਤਾਂ ਉਸ ਦੁਆਰਾ ਭਰੀ ਪਹਿਲੀ ਕੈਟੇਗਰੀ ਨੂੰ ਹੀ ਮੰਨਿਆ ਜਾਵੇਗਾ ।

2. ਸਰਕਾਰ ਦੇ ਪੱਤਰ ਨੰ. 1/41/96-ਰਸ.1/992-1005 ਮਿਤੀ 18-08-2004 ਅਨੁਸਾਰ ਅਨੁਸੂਚਿਤ ਜਾਤੀ ਅਤੇ ਪਛੜੀ ਸ਼੍ਰੇਣੀ ਸਰਟੀਫ਼ਿਕੇਟ ਜਾਰੀ ਕਰਨ ਲਈ ਨਿਰਧਾਰਿਤ ਪ੍ਰਫਾਰਮਿਆਂ ਵਿੱਚ ਸਮਰੱਥ ਅਧਿਕਾਰੀ ਵੱਲੋਂ ਜਾਰੀ ਸਰਟੀਫ਼ਿਕੇਟਾਂ ਨੂੰ ਹੀ ਜਾਇਜ਼ ਮੰਨਿਆ ਜਾਵੇਗਾ।

3. ਰਿਜ਼ਰਵ ਕੈਟੇਗਰੀ ਨਾਲ ਸੰਬੰਧਤ ਵਿਦਿਆਰਥੀਆਂ ਕੋਲ ਸਮਰੱਥ ਅਧਿਕਾਰੀ ਦੁਆਰਾ ਤਸਦੀਕ ਕੀਤਾ ਹੋਇਆ ਸਰਟੀਫ਼ਿਕੇਟ ਹੋਣਾ ਜ਼ਰੂਰੀ ਹੈ। ਇਨ੍ਹਾਂ ਸਰਟੀਫ਼ਿਕੇਟਾਂ ਦੀਆਂ ਤਸਦੀਕ ਕੀਤੀਆਂ ਕਾਪੀਆਂ ਦਾਖਲਾ ਫਾਰਮ ਨਾਲ ਲਾਉਣੀਆਂ ਜ਼ਰੂਰੀ ਹਨ। ਅਸਲ ਸਰਟੀਫਿਕੇਟ ਇੰਟਰਵਿਊ ਕਮੇਟੀ ਵੱਲੋਂ ਵੇਖੇ ਜਾਣਗੇ। ਅਸਲ ਸਰਟੀਫ਼ਿਕੇਟ ਦੀ ਅਣਹੋਂਦ ਤੇ ਦਾਖਲਾ ਅਗਲੇ ਹੱਕਦਾਰ ਨੂੰ ਦੇ ਦਿੱਤਾ ਜਾਵੇਗਾ।

4. ਹਰ ਰਿਜ਼ਰਵ ਕੈਟੇਗਰੀ ਵਿੱਚ ਵਿਦਿਆਰਥੀਆਂ ਦਾ ਦਾਖਲਾ ਕੈਟੇਗਰੀ ਦੀ ਆਪਣੀ ਬਣਦੀ ਮੈਰਿਟ ਅਨੁਸਾਰ ਹੋਵੇਗਾ।

5. ਸਰਕਾਰੀ ਹਦਾਇਤਾਂ ਨੰ: 3/8/95-ਰਸ.3/4853-54 ਮਿਤੀ 10/12-07-95 ਅਤੇ ਪੱਤਰ ਨੰ. 2/27/2004-ਰਸ.1/1763-71 ਮਿਤੀ 30-12-2004 ਅਨੁਸਾਰ ਆਪਣੀ ਸੀਨੀਆਰਤਾ-ਕਮ-ਮੈਰਿਟ ਤੇ ਆਏ ਐਸ.ਸੀ. ਅਤੇ ਬੀ.ਸੀ. ਸ਼੍ਰੇਣੀ ਦੇ ਉਮੀਦਵਾਰਾਂ ਨੂੰ ਰਾਖਵੇਂਕਰਨ ਦਾ ਹਿਸਾਬ ਲਗਾਉਂਦੇ ਸਮੇਂ ਰਿਜ਼ਰਵੇਸ਼ਨ ਵਿੱਚ ਨਹੀਂ ਗਿਣਿਆ ਜਾਣਾ ।

6. ਸਰਕਾਰ ਦੇ ਪੱਤਰ ਨੰ. 10/9/2009-ਰਸ/62 ਮਿਤੀ : 08-01-2010 ਅਨੁਸਾਰ ਪੱਛੜੀ ਸ਼੍ਰੇਣੀ ਦੇ ਵਿਅਕਤੀ ਨੂੰ ਜਾਰੀ ਹੋਇਆ ਜਾਤੀ ਸਰਟੀਫ਼ਿਕੇਟ ਉਸ ਸਮੇਂ ਤੱਕ ਯੋਗ ਮੰਨਿਆ ਜਾਵੇਗਾ ਜਦੋਂ ਤੱਕ ਪ੍ਰਾਰਥੀ ਕ੍ਰੀਮੀ ਲੇਅਰ ਦੇ ਦਾਇਰੇ ਵਿੱਚ ਨਹੀਂ ਆਉਂਦਾ । ਇਸ ਸਬੰਧੀ ਪ੍ਰਾਰਥੀ ਤੋਂ ਘੋਸ਼ਣਾ ਪੱਤਰ ਪ੍ਰਾਪਤ ਕੀਤਾ ਜਾਵੇਗਾ ਜਿਸ ਵਿੱਚ ਲਿਖਿਆ ਹੋਵੇਗਾ ਕਿ ਉਸਦੇ ਸਟੇਟਸ ਵਿੱਚ ਕੋਈ ਤਬਦੀਲੀ ਨਹੀਂ ਆਈ ਅਤੇ ਉਹ ਕ੍ਰੀਮੀ ਲੇਅਰ ਦੇ ਦਾਇਰ ਵਿੱਚ ਨਹੀਂ ਆਉਂਦਾ ।

7. ਰਿਜ਼ਰਵ ਕੈਟੇਗਰੀ ਵਾਲੇ ਵਿਦਿਆਰਥੀ ਜਨਰਲ ਕੈਟੇਗਰੀ ਦੀ ਇੰਟਰਵਿਊ ਦੀ ਤਾਰੀਖ ਨੂੰ ਹਾਜ਼ਰ ਹੋਣਗੇ। ਜਿੰਨ੍ਹਾਂ ਵਿਦਿਆਰਥੀਆਂ ਦਾ ਜਨਰਲ ਕੈਟੇਗਰੀ ਦੀ ਮੈਰਿਟ ਵਿੱਚ ਦਾਖਲਾ ਨਹੀਂ ਹੁੰਦਾ, ਉਹ ਰਿਜ਼ਰਵ ਕੈਟੇਗਰੀ ਦੀ ਇੰਟਰਵਿਊ ਵਿੱਚ ਦੋਬਾਰਾ ਇੰਟਰਵਿਊ ਲਈ ਹਾਜ਼ਰ ਹੋਣਗੇ ।

8. ਜੇਕਰ ਨਿਰਧਾਰਤ ਦਾਖਲੇ ਦੀ ਤਰੀਖ ਤੱਕ ਰਿਜ਼ਰਵ ਕੈਟੇਗਰੀ ਦੇ ਯੋਗ ਅਤੇ ਹੱਕਦਾਰ ਉਮੀਦਵਾਰ ਨਹੀਂ ਆਉਂਦੇ, ਤਾਂ ਸੀਟ ਡੀ-ਰਿਜ਼ਰਵ ਕਰ ਦਿੱਤੀ ਜਾਵੇਗੀ ।

9. ਸਪੋਰਟਸ ਕੋਟੇ ਵਿੱਚ ਕੇਵਲ ਉਹਨਾਂ ਖਿਡਾਰੀ ਵਿਦਿਆਰਥੀਆਂ ਨੂੰ ਦਾਖਲਾ ਦਿੱਤਾ ਜਾਵੇਗਾ ਜਿੰਨ੍ਹਾਂ ਨੇ ਵੱਖ-ਵੱਖ ਖੇਡਾਂ ਵਿੱਚ ਘੱਟੋ-ਘੱਟ ਜ਼ਿਲ੍ਹੇ/ਕਾਲਜ ਦੀ ਪ੍ਰਤੀਨਿਧਤਾ ਕਰਦੇ ਹੋਏ ਰਾਜ/ਯੂਨੀਵਰਸਿਟੀ ਖੇਡ ਮੁਕਾਬਲਿਆਂ ਵਿੱਚ ਭਾਗ ਲਿਆ ਹੋਵੇ । ਉਨ੍ਹਾਂ ਦੀ ਮੈਰਿਟ ਪੰਜਾਬ ਸਪੋਰਟਸ ਵਿਭਾਗ ਵੱਲੋਂ ਕੀਤੀ ਗਰੇਡੇਸ਼ਨ ਦੇ ਅਧਾਰ 'ਤੇ ਬਣਾਈ ਜਾਵੇਗੀ ।

10. ਐਮ.ਏ. (ਪੰਜਾਬੀ, ਅਰਥ ਸ਼ਾਸਤਰ, ਮਿਊਜ਼ਿਕ ਵੋਕਲ ਅਤੇ ਅੰਗ੍ਰੇਜ਼ੀ) ਭਾਗ ਪਹਿਲਾ ਵਿੱਚ ਦਾਖਲਾ ਲੈਣ ਵਾਲੇ ਅਨੁਸੂਚਿਤ ਜਾਤੀ ਅਤੇ ਅਪੰਗ (ਘੱਟੋ-ਘੱਟ 40 ਪ੍ਰਤੀਸ਼ਤ) ਵਿਦਿਆਰਥੀਆਂ ਨੂੰ ਨਿਸ਼ਚਿਤ ਹੋਈ ਘੱਟੋ-ਘੱਟ ਪ੍ਰਾਪਤ ਕੀਤੇ ਨੰਬਰਾਂ ਦੀ ਗਿਣਤੀ ਵਿੱਚ 5 ਪ੍ਰਤੀਸ਼ਤ ਛੋਟ ਦੇਣ ਦੀ ਵਿਵਸਥਾ ਹੈ ।

11. ਜੇਕਰ ਕੋਈ ਵਿਦਿਆਰਥੀ ਇੱਕ ਤੋਂ ਵੱਧ ਕੈਟੇਗਰੀ ਵਿੱਚ ਅਪਲਾਈ ਕਰਨਾ ਚਾਹੁੰਦਾ ਹੈ ਤਾਂ ਉਸਨੂੰ ਹਰ ਕੈਟੇਗਰੀ ਲਈ ਵੱਖਰਾ ਫਾਰਮ ਭਰਨਾ ਹੋਵੇਗਾ । ਇੱਕ ਦਾਖਲਾ ਫਾਰਮ ਵਿੱਚ ਇੱਕ ਤੋਂ ਵੱਧ ਕੈਟੇਗਰੀ ਨਾ ਭਰੀ ਜਾਵੇ ।

12. ਰਿਜ਼ਰਵ ਕੈਟੇਗਰੀ ਨਾਲ ਸਬੰਧਤ ਵਿਦਿਆਰਥੀ ਆਪਣੇ ਆਧਾਰ ਕਾਰਡ ਦੀ ਕਾਪੀ ਫਾਰਮ ਨਾਲ ਨੱਥੀ ਕਰਨਗੇ ਅਤੇ ਅਸਲ ਕਾਰਡ ਇੰਟਰਵਿਊ ਸਮੇਂ ਨਾਲ ਲੈ ਕੇ ਆਉਣਗੇ।

## ਦਾਖਲੇ ਸਮੇਂ ਹੇਠ ਲਿਖੇ ਦਸਤਾਵੇਜ਼ ਦਾਖਲਾ ਫਾਰਮ ਨਾਲ ਨੱਥੀ ਕਰਨੇ ਜ਼ਰੂਰੀ ਹਨ। ਇਨ੍ਹਾਂ ਤੋਂ ਬਿਨਾਂ ਫਾਰਮ ਪ੍ਰਵਾਨ ਨਹੀਂ ਕੀਤਾ ਜਾਵੇਗਾ ।

DRUGS

1. ਪਿਛਲੀ ਪਾਸ ਕੀਤੀ ਪ੍ਰੀਖਿਆ ਦੇ ਪ੍ਰਮਾਣ-ਪੱਤਰ ਦੀ ਤਸਦੀਕਸ਼ੁਦਾ ਨਕਲ ।
2. ਜਨਮ ਮਿਤੀ ਦਰਸਾਉਂਦੇ ਮੈਟ੍ਰਿਕ ਦੇ ਪ੍ਰਮਾਣ-ਪੱਤਰ ਦੀ ਤਸਦੀਕਸ਼ੁਦਾ ਨਕਲ ।
3. ਪਿਛਲੀ ਸੰਸਥਾ ਦੇ ਮੁਖੀ ਵੱਲੋਂ ਚੰਗੇ ਆਚਰਣ ਸਬੰਧੀ ਪ੍ਰਮਾਣ-ਪੱਤਰ ਦੀ ਅਸਲ ਅਤੇ ਤਸਦੀਕਸ਼ੁਦਾ ਨਕਲ । ਪ੍ਰਾਈਵੇਟ ਵਿਦਿਆਰਥੀ ਕਿਸੇ ਗਜ਼ਟਿਡ ਅਫ਼ਸਰ ਵੱਲੋਂ ਜਾਰੀ ਕੀਤਾ ਸਰਟੀਫ਼ਿਕੇਟ ਵੀ ਦੇ ਸਕਦੇ ਹਨ ।
4. ਰਿਹਾਇਸ਼ੀ ਪਤੇ ਦੇ ਸਬੂਤ ਲਈ ਹੇਠ ਲਿਖੀਆਂ ਵਿੱਚੋਂ ਕਿਸੇ ਇੱਕ ਦੀ ਕਾਪੀ ਨਾਲ ਨੱਥੀ ਕੀਤੀ ਜਾਵੇ : ਰਾਸ਼ਨ ਕਾਰਡ, ਟੈਲੀਫੋਨ ਬਿੱਲ, ਵੋਟਰ ਕਾਰਡ, ਡਰਾਇਵਿੰਗ ਲਾਇਸੈਂਸ, ਪਾਸਪੋਰਟ ।
5. ਰਾਖਵੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਲਈ ਆਪਣੀ ਕੈਟਾਗਿਰੀ ਦੇ ਪ੍ਰਮਾਣ-ਪੱਤਰ ਦੀ ਤਸਦੀਕਸ਼ੁਦਾ ਨਕਲ ।
6. ਕਿਸੇ ਹੋਰ ਯੂਨੀਵਰਸਿਟੀ/ਬੋਰਡ ਵਿੱਚੋਂ ਪੜ੍ਹਕੇ ਆਏ ਵਿਦਿਆਰਥੀ ਨੂੰ ਯੂਨੀਵਰਸਿਟੀ/ਬੋਰਡ ਮਾਈਗ੍ਰੇਟ ਕਰਨ ਦਾ ਪ੍ਰਮਾਣ-ਪੱਤਰ ਦੇਣਾ ਪਵੇਗਾ ।
7. ਜਿਹਨਾਂ ਵਿਦਿਆਰਥੀਆਂ ਨੇ ਹੇਠਲੀ ਪ੍ਰੀਖਿਆ ਹੋਰ ਯੂਨੀਵਰਸਿਟੀਆਂ/ਬੋਰਡਾਂ ਤੋਂ ਪਾਸ ਕੀਤੀ ਹੈ, ਉਹਨਾਂ ਨੂੰ ਦਾਖਲੇ ਤੋਂ ਪਹਿਲਾਂ ਯੂਨੀਵਰਸਿਟੀ ਦੀ ਰਜਿਸਟ੍ਰੇਸ਼ਨ ਸ਼ਾਖਾ ਤੋਂ ਲੋੜੀਂਦਾ ਪਾਤਰਤਾ ਸਰਟੀਫ਼ਿਕੇਟ **(Eligibility Certificate)** ਪ੍ਰਾਪਤ ਕਰਨ ਉਪਰੰਤ ਹੀ ਕਾਲਜ ਵੱਲੋਂ ਦਾਖਲਾ ਯੂਨੀਵਰਸਿਟੀ ਨਿਯਮਾਂ ਅਨੁਸਾਰ ਦਿੱਤਾ ਜਾਵੇਗਾ। ਜਿੰਨਾਂ ਵਿਦਿਆਰਥੀਆਂ ਨੇ 10+2 ਦੀ ਪ੍ਰੀਖਿਆ ਪੰਜਾਬ ਸਕੂਲ ਸਿੱਖਿਆ ਬੋਰਡ, ਮੋਹਾਲੀ, ਬੋਰਡ ਆਫ਼ ਸਕੂਲ ਐਜੂਕੇਸ਼ਨ, ਹਰਿਆਣਾ, ਹਿਮਾਚਲ ਪ੍ਰਦੇਸ਼ ਬੋਰਡ ਆਫ਼ ਐਜੂਕੇਸ਼ਨ, ਸੀ.ਬੀ.ਐਸ.ਸੀ. ਬੋਰਡ ਅਤੇ ਆਈ.ਸੀ.ਐਸ.ਸੀ. ਬੋਰਡਾਂ ਤੋਂ ਪਾਸ ਕੀਤੀ ਹੈ, ਨੂੰ ਛੱਡ ਕੇ ਦੂਜੇ ਰਾਜਾਂ ਤੋਂ 10+2 ਅਤੇ ਗਰੈਜੂਏਸ਼ਨ ਦੀ ਪ੍ਰੀਖਿਆ ਪਾਸ ਕਰਨ ਉਪਰੰਤ ਕੀਤੇ ਜਾਣ ਵਾਲੇ ਦਾਖਲੇ ਤੋਂ ਪਹਿਲਾਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਰਜਿਸਟ੍ਰੇਸ਼ਨ ਬਰਾਂਚ ਤੋਂ ਪਾਤਰਤਾ/**Eligibility** ਸਰਟੀਫ਼ਿਕੇਟ ਪ੍ਰਾਪਤ ਕਰਨਾ ਲਾਜ਼ਮੀ ਹੋਵੇਗਾ।
8. ਹਰ ਤਰ੍ਹਾਂ ਦਾ ਵਜੀਫ਼ਾ ਪ੍ਰਾਪਤ ਕਰਨ ਵਾਲੇ ਯੋਗ ਵਿਦਿਆਰਥੀ ਅਤੇ ਰਾਖਵੀਂ ਸ਼੍ਰੇਣੀ ਦੇ ਵਿਦਿਆਰਥੀ ਆਪਣੇ ਆਧਾਰ ਕਾਰਡ ਦੀ ਕਾਪੀ ਜ਼ਰੂਰ ਨੱਥੀ ਕਰਨ।

ਨੋਟ : ਜੇਕਰ ਕੋਈ ਵਿਦਿਆਰਥੀ ਕਿਸੇ ਵੀ ਗ਼ਲਤ ਬਿਆਨੀ ਕਰਕੇ ਆਪਣੇ ਸਰਟੀਫ਼ਿਕੇਟ ਦੇ ਕੇ ਕਾਲਜ ਵਿੱਚ ਦਾਖਲਾ ਲੈਂਦਾ ਹੈ ਤਾਂ ਉਸ ਦਾ ਦਾਖਲਾ ਰੱਦ ਕੀਤਾ ਜਾ ਸਕਦਾ ਹੈ ਅਤੇ ਉਸ ਵਿਦਿਆਰਥੀ ਦੀ ਫ਼ੀਸ ਵਾਪਸ ਨਹੀਂ ਕੀਤੀ ਜਾਵੇਗੀ ਅਤੇ ਉਸਦੇ ਵਿਰੁੱਧ ਬਣਦੀ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ ।

## ਵੱਖ-ਵੱਖ ਸ਼੍ਰੇਣੀਆਂ ਦੇ ਦਾਖਲੇ ਸਬੰਧੀ ਯੋਗਤਾ ਅਤੇ ਵਿਸ਼ਿਆ ਦੀ ਚੋਣ

### ਬੀ.ਏ. ਭਾਗ ਪਹਿਲਾ

ਇਸ ਸ਼੍ਰੇਣੀ ਵਿੱਚ ਦਾਖਲਾ ਲੈਣ ਲਈ ਉਹ ਵਿਦਿਆਰਥੀ ਯੋਗ ਹੋਣਗੇ ਜਿੰਨ੍ਹਾਂ ਨੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਪ੍ਰਮਾਣਿਤ ਸਕੂਲ ਸਿੱਖਿਆ ਬੋਰਡ ਦਾ 10+2 ਜਾਂ ਇਸਦੇ ਬਰਾਬਰ ਦਾ ਮਾਨਤਾ ਪ੍ਰਾਪਤ ਕੋਈ ਹੋਰ ਇਮਤਿਹਾਨ ਪਾਸ ਕੀਤਾ ਹੋਵੇ। ਇਹ ਦਾਖਲਾ ਮੈਰਿਟ ਦੇ ਅਧਾਰ 'ਤੇ ਕੀਤਾ ਜਾਵੇਗਾ ।

ਵਿਸ਼ੇ :-

1. ਪੰਜਾਬੀ ਲਾਜ਼ਮੀ ਜਾਂ ਪੰਜਾਬੀ ਲਾਜ਼ਮੀ (ਮੁੱਢਲਾ ਗਿਆਨ)
2. ਅੰਗਰੇਜ਼ੀ - ਕਮਿਊਨੀਕੇਸ਼ਨ ਸਕਿੱਲਜ਼ (ਲਾਜ਼ਮੀ)

(ਉਪਰੋਕਤ ਲਾਜ਼ਮੀ ਵਿਸ਼ਿਆਂ ਤੋਂ ਇਲਾਵਾ, ਵਿਦਿਆਰਥੀਆਂ ਨੂੰ ਤਿੰਨ ਹੋਰ ਵਿਸ਼ੇ ਪੜ੍ਹਨੇ ਹੋਣਗੇ, ਪ੍ਰੰਤੂ ਹੇਠਲੇ ਗਰੁੱਪਾਂ ਵਿੱਚੋਂ ਇੱਕ ਤੋਂ ਵੱਧ ਵਿਸ਼ਾ ਨਹੀਂ ਲਿਆ ਜਾ ਸਕਦਾ।)

| | | |
|---|---|---|
| ਗਰੁੱਪ ਨੰ. 1 | - | ਸਰੀਰਕ ਸਿੱਖਿਆ, ਅਰਥ-ਸ਼ਾਸਤਰ |
| ਗਰੁੱਪ ਨੰ. 2 | - | ਹਿਸਟਰੀ, ਗਣਿਤ, ਫਿਲਾਸਫੀ |
| ਗਰੁੱਪ ਨੰ. 3 | - | ਰਾਜਨੀਤੀ ਸ਼ਾਸਤਰ |
| ਗਰੁੱਪ ਨੰ. 4 | - | ਪੰਜਾਬੀ ਸਾਹਿਤ, ਹਿੰਦੀ ਸਾਹਿਤ, ਅੰਗਰੇਜ਼ੀ ਸਾਹਿਤ |
| ਗਰੁੱਪ ਨੰ. 5 | - | ਜੌਗਰਫ਼ੀ, ਸੰਗੀਤ ਵੋਕਲ |

ਇਸ ਤੋਂ ਇਲਾਵਾ ਸ਼ੈਸ਼ਨ 2022-23 ਤੋਂ ਹੇਠ ਲਿਖੇ ਅਨੁਸਾਰ ਨਵੇਂ ਵਿਸ਼ੇ ਸ਼ੁਰੂ ਕੀਤੇ ਜਾ ਰਹੇ ਹਨ ਇਹ ਵਿਸ਼ੇ ਉਚੇਰੀ ਸਿੱਖਿਆ ਵਿਭਾਗ ਵੱਲੋਂ ਮੰਜੂਰ ਕਰ ਦਿੱਤੇ ਗਏ ਹਨ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਮੰਜ਼ੂਰੀ ਆਉਣ ਤੇ ਸ਼ੁਰੂ ਕੀਤੇ ਜਾਣਗੇ।

1. Fine Arts
2. Music Instrumental
3. Public Administration
4. Sociology
5. Psychology
6. Computer Science

# ਬੀ.ਏ. ਭਾਗ ਪਹਿਲਾ ਦੇ ਵਿਦਿਆਰਥੀਆਂ ਲਈ ਜ਼ਰੂਰੀ ਹਦਾਇਤਾਂ

1. ਦਾਖਲੇ ਸਮੇਂ ਜੋ ਵਿਸ਼ੇ ਵਿਦਿਆਰਥੀ ਨੂੰ ਦਿੱਤੇ ਜਾਣਗੇ ਉਹੀ ਵਿਸ਼ੇ ਵਿਦਿਆਰਥੀ ਨੂੰ ਪੜ੍ਹਨੇ ਪੈਣਗੇ ।
2. ਬੀ.ਏ. ਭਾਗ ਪਹਿਲਾ ਸਰੀਰਕ ਸਿੱਖਿਆ ਲਈ 160 ਸੀਟਾਂ ਹਨ । ਇਹ ਵਿਸ਼ਾ ਕੇਵਲ ਉਨ੍ਹਾਂ ਵਿਦਿਆਰਥੀਆਂ ਨੂੰ ਹੀ ਦਿੱਤਾ ਜਾਵੇਗਾ ਜਿਹੜੇ ਕਾਲਜ ਦੇ ਸਰੀਰਕ ਸਿੱਖਿਆ ਵਿਭਾਗ ਵੱਲੋਂ ਲਏ ਟੈਸਟ ਦੇ ਆਧਾਰ 'ਤੇ ਬਣੀ ਮੈਰਿਟ ਰਾਹੀਂ ਚੁਣੇ ਜਾਣਗੇ । ਸਰੀਰਕ ਸਿੱਖਿਆ ਵਿਸ਼ਾ ਪੜ੍ਹਨ ਵਾਲੇ ਵਿਦਿਆਰਥੀਆਂ ਲਈ ਖੇਡਾਂ ਵਿੱਚ ਅਤੇ ਸਲਾਨਾ ਖੇਡ ਸਮਾਰੋਹ ਵਿੱਚ ਭਾਗ ਲੈਣਾ ਲਾਜ਼ਮੀ ਹੋਵੇਗਾ ।
3. ਇਸ ਸਮੇਂ ਕਾਲਜ ਵਿੱਚ ਹਾਕੀ, ਫੁੱਟਬਾਲ, ਵਾਲੀਬਾਲ, ਕ੍ਰਿਕਟ, ਕਬੱਡੀ, ਬਾਸਕਟਬਾਲ, ਬੈਡਮਿੰਟਨ, ਟੇਬਲ ਟੈਨਿਸ, ਕੁਸ਼ਤੀ, ਸ਼ਤਰੰਜ, ਵਾਟਰ ਪੋਲੋ, ਸਾਫਟ ਬਾਲ, ਤਾਈਕਵਾਂਡੋ ਆਦਿ ਖੇਡਾਂ ਖਿਡਾਈਆਂ ਜਾਂਦੀਆਂ ਹਨ।
4. ਬੀ.ਏ. ਭਾਗ ਪਹਿਲਾ ਵਿੱਚ ਗਣਿਤ ਵਿਸ਼ਾ ਉਹੀ ਵਿਦਿਆਰਥੀ ਲੈ ਸਕਦਾ ਹੈ ਜਿਸਨੇ 10+2 ਕਲਾਸ ਵਿੱਚ ਗਣਿਤ ਦਾ ਵਿਸ਼ਾ ਪਾਸ ਕੀਤਾ ਹੋਵੇ ।
5. ਗਣਿਤ ਵਿਸ਼ਾ ਲੈਣ ਵਾਲੇ ਵਿਦਿਆਰਥੀ ਨੂੰ ਰਾਜਨੀਤੀ ਸ਼ਾਸਤਰ ਦਾ ਵਿਸ਼ਾ ਲੈਣ ਦੀ ਆਗਿਆ ਨਹੀਂ ਹੈ ।
6. ਵਿਦਿਆਰਥੀ ਵੱਧ ਤੋਂ ਵੱਧ 2 ਪ੍ਰੈਕਟੀਕਲ ਵਿਸ਼ੇ ਹੀ ਲੈ ਸਕਦੇ ਹਨ ।
7. ਡੀ.ਪੀ.ਆਈ. (ਕਾਲਜਾਂ) ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ. 15/11-2005 ਕਾ.ਐਜੂ(1)/1998-2045 ਮਿਤੀ 07-07-2005 ਦੇ ਆਦੇਸ਼ ਅਨੁਸਾਰ ਕਾਲਜ ਵਿੱਚ ਪੜ੍ਹਾਏ ਜਾਣ ਵਾਲੇ ਹਰ ਵਿਸ਼ੇ ਦੀ ਮੁੱਢਲੀ ਕਲਾਸ ਵਿੱਚ ਘੱਟੋ-ਘੱਟ 20 ਵਿਦਿਆਰਥੀ ਦਾਖਲ ਹੋਣੇ ਚਾਹੀਦੇ ਹਨ ਅਤੇ ਵਿਸ਼ਾ ਬਦਲੀ ਉਪਰੰਤ ਵੀ ਘੱਟੋ-ਘੱਟ 10 ਵਿਦਿਆਰਥੀ ਉਸ ਕਲਾਸ ਵਿੱਚ ਜਰੂਰ ਰਹਿਣ, ਤਾਂ ਹੀ ਇਸ ਵਿਸ਼ੇ ਨੂੰ ਪੜ੍ਹਾਉਣ ਦੀ ਆਗਿਆ ਦਿੱਤੀ ਜਾਵੇਗੀ ।
8. ਕਿਸੇ ਵਿਦਿਆਰਥੀ ਨੂੰ ਉਹ ਵਿਸ਼ਾ ਪੜ੍ਹਨ ਦੀ ਆਗਿਆ ਨਹੀਂ ਹੈ, ਜੋ ਇਸ ਕਾਲਜ ਵਿੱਚ ਪੜ੍ਹਾਇਆ ਹੀ ਨਹੀਂ ਜਾਂਦਾ।
9. ਜੇਕਰ ਯੂਨੀਵਰਸਿਟੀ ਦੇ ਆਦੇਸ਼ਾਂ ਅਨੁਸਾਰ ਵਿਸ਼ਿਆਂ ਵਿੱਚ ਕੋਈ ਪਰਿਵਰਤਨ ਹੁੰਦਾ ਹੈ ਤਾਂ ਇਸ ਦੀ ਸੂਚਨਾ ਵਿਦਿਆਰਥੀ ਨੂੰ ਨੋਟਿਸ ਬੋਰਡ ਰਾਹੀਂ ਦਿੱਤੀ ਜਾਵੇਗੀ ।
10. ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਆਦੇਸ਼ ਅਨੁਸਾਰ ਉਨ੍ਹਾਂ ਵਿਸ਼ਿਆਂ ਨੂੰ ਛੱਡ ਕੇ ਜਿੱਥੇ ਪਹਿਲਾਂ ਹੀ ਵਿਦਿਆਰਥੀਆਂ ਦੀ ਗਿਣਤੀ ਨਿਸ਼ਚਿਤ ਹੈ, ਉੱਥੇ ਇੱਕ ਸੈਕਸ਼ਨ ਵਿੱਚ ਵੱਧ ਤੋਂ ਵੱਧ ਵਿਦਿਆਰਥੀਆਂ ਦੀ ਗਿਣਤੀ 80 ਹੋ ਸਕਦੀ ਹੈ । ਫੈਕਲਟੀ ਮੈਂਬਰਾਂ ਦੀ ਹੋਂਦ ਨੂੰ ਧਿਆਨ ਵਿੱਚ ਰੱਖਦੇ ਹੋਏ ਹਰ ਵਿਸ਼ੇ ਵਿੱਚ ਗਿਣਤੀ ਨਿਸ਼ਚਿਤ ਕੀਤੀ ਜਾਵੇਗੀ । ਇਸ ਲਈ ਇਹ ਜ਼ਰੂਰੀ ਨਹੀਂ ਕਿ ਜਿਹੜਾ ਵਿਸ਼ਾ ਵਿਦਿਆਰਥੀ ਨੇ ਫਾਰਮ ਵਿੱਚ ਭਰਿਆ ਹੈ, ਉਹ ਉਸਨੂੰ ਦਿੱਤਾ ਜਾਵੇਗਾ । ਇਹ ਵਿਸ਼ੇ ਮੈਰਿਟ ਦੇ ਆਧਾਰ 'ਤੇ ਹੀ ਦਿੱਤੇ ਜਾਣਗੇ । ਵਿਦਿਆਰਥੀ ਪਹਿਲਾਂ ਹੀ ਵਿਸ਼ਿਆਂ ਦੀ ਚੋਣ ਸੋਚ ਸਮਝ ਕੇ ਤਰਜੀਹ ਅਨੁਸਾਰ ਭਰਨ ।
11. ਵਿਦਿਆਰਥੀ ਲਈ ਦਾਖਲੇ ਸਮੇਂ ਅਸਲ ਸਰਟੀਫ਼ਿਕੇਟ ਲੈ ਕੇ ਆਉਣੇ ਜ਼ਰੂਰੀ ਹਨ। ਅਸਲ ਦਸਤਾਵੇਜ਼ਾਂ ਤੋਂ ਬਿਨਾਂ ਦਾਖਲਾ ਨਹੀਂ ਕੀਤਾ ਜਾਵੇਗਾ।

## ਬੀ.ਐਸ.ਸੀ. ਭਾਗ ਪਹਿਲਾ (ਮੈਡੀਕਲ/ਨਾਨ-ਮੈਡੀਕਲ) ਸਮੈਸਟਰ-1

ਇਸ ਸ਼੍ਰੇਣੀ ਵਿੱਚ ਦਾਖਲਾ ਲੈਣ ਲਈ ਉਹ ਵਿਦਿਆਰਥੀ ਯੋਗ ਹੋਣਗੇ ਜਿੰਨ੍ਹਾਂ ਨੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਪ੍ਰਮਾਣਿਤ ਸਕੂਲ ਸਿੱਖਿਆ ਬੋਰਡ ਦਾ 10+2 ਜਾਂ ਇਸਦੇ ਬਰਾਬਰ ਦੀ ਮਾਨਤਾ ਪ੍ਰਾਪਤ ਕੋਈ ਹੋਰ ਪ੍ਰੀਖਿਆ ਸਾਇੰਸ ਦੇ ਵਿਸ਼ਿਆਂ ਦੇ ਨਾਲ ਪਾਸ ਕੀਤੀ ਹੋਵੇ । ਇਹ ਦਾਖਲਾ ਮੈਰਿਟ ਦੇ ਆਧਾਰ ਤੇ ਕੀਤਾ ਜਾਵੇਗਾ ।

ਵਿਸ਼ੇ :- ਨਾਨ-ਮੈਡੀਕਲ : ਅੰਗਰੇਜ਼ੀ, ਪੰਜਾਬੀ ਲਾਜ਼ਮੀ/ਪੰਜਾਬੀ ਲਾਜ਼ਮੀ (ਮੁੱਢਲਾ ਗਿਆਨ), ਕਮਿਸਟਰੀ, ਫਿਜ਼ਿਕਸ, ਮੈਥ ।

ਵਿਸ਼ੇ :- ਮੈਡੀਕਲ : ਅੰਗਰੇਜ਼ੀ, ਪੰਜਾਬੀ/ਪੰਜਾਬੀ ਲਾਜ਼ਮੀ (ਮੁੱਢਲਾ ਗਿਆਨ), ਕਮਿਸਟਰੀ, ਬਾਟਨੀ, ਜ਼ੂਆਲੋਜੀ ।

## ਬੀ.ਕਾਮ. ਭਾਗ ਪਹਿਲਾ (ਸਮੈਸਟਰ-1)

ਇਸ ਸ਼੍ਰੇਣੀ ਵਿੱਚ ਦਾਖਲਾ ਲੈਣ ਲਈ ਉਹ ਵਿਦਿਆਰਥੀ ਯੋਗ ਹੋਣਗੇ ਜਿੰਨ੍ਹਾਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਪ੍ਰਮਾਣਿਤ ਸਕੂਲ ਸਿੱਖਿਆ ਬੋਰਡ ਦਾ 10+2 ਜਾਂ ਇਸਦੇ ਬਰਾਬਰ ਦੀ ਮਾਨਤਾ ਪ੍ਰਾਪਤ ਕੋਈ ਹੋਰ ਪ੍ਰੀਖਿਆ ਹੇਠ ਲਿਖੇ ਅਨੁਸਾਰ ਘੱਟੋ-ਘੱਟ ਅੰਕ ਪ੍ਰਾਪਤ ਕਰਕੇ ਪਾਸ ਕੀਤੀ ਹੋਵੇ । ਇਹ ਦਾਖਲਾ ਮੈਰਿਟ ਦੇ ਆਧਾਰ 'ਤੇ ਕੀਤਾ ਜਾਵੇਗਾ ।

- 10+2 ਕਾਮਰਸ ਗਰੁੱਪ - 40%
- 10+2 ਮੈਥ, ਇਕਨਾਮਿਕਸ, ਮੈਨੇਜਮੈਂਟ, ਅਕਾਊਂਟਿੰਗ ਆਦਿ ਵਿੱਚੋਂ ਕੋਈ ਦੋ ਵਿਸ਼ਿਆ ਨਾਲ - 45%
- 10+2 ਆਰਟਸ ਅਤੇ ਸਾਇੰਸ ਵਿਸ਼ੇ ਨਾਲ - 50%

ਵਿਸ਼ੇ :- ਅੰਗਰੇਜ਼ੀ, ਪੰਜਾਬੀ/ਪੰਜਾਬੀ ਲਾਜ਼ਮੀ (ਮੁੱਢਲਾ ਗਿਆਨ), ਫਾਈਨੈਂਸ਼ਲ ਅਕਾਊਂਟਿੰਗ, ਬਿਜ਼ਨਸ ਲਾਅ-1, ਪ੍ਰਿੰਸੀਪਲ ਆਫ਼ ਇਕਨਾਮਿਕਸ-1, ਕੰਪਿਊਟਰ ਐਪਲੀਕੇਸ਼ਨ ਇਨ ਬਿਜ਼ਨਿਸ ।

## ਬੀ.ਐਸ.ਸੀ. ਭਾਗ ਪਹਿਲਾ /ਆਨਰਸ ਇਨ ਐਗਰੀਕਲਚਰ ਸਮੈਸਟਰ-1*

A person who has secured at least 50% marks (45% in case of candidate belonging to Scheduled cast/tribes) of the aggregate marks in four compulsory subjects i.e. Chemistry, Physics, Biology/Math and English taken together of 10+2 pattern or equivalent examination from recognized Board/University shall be eligible to join the first semester of the course.

ਵਿਸ਼ੇ :-
1. ਫੰਡਾਮੈਂਟਲਸ ਆਫ਼ ਐਗਰੋਨੋਮੀ
2. ਇੰਟਰੋਡਕਟਰੀ ਐਗਰੋਮੈਗਟਰੋਲੋਜੀ
3. ਫੰਡਾਮੈਂਟਲਸ ਆਫ਼ ਸੋਆਇਲ ਸਾਇੰਸ
4. ਫੰਡਾਮੈਂਟਲਸ ਆਫ਼ ਐਗਰੀਕਲਚਰਲ ਇਕਨਾਮਿਕਸ
5. ਇੰਗਲਿਸ਼
6. ਪੰਜਾਬੀ

*ਨੋਟ: ਬੀ.ਐਸ.ਸੀ-1 ਐਗਰੀਕਲਚਰ ਦਾ ਦਾਖਲਾ ਯੂਨੀਵਰਸਿਟੀ ਵੱਲੋਂ ਅਪਰੂਵਲ ਆਉਣ 'ਤੇ ਕੀਤਾ ਜਾਵੇਗਾ।

**ਬੀ.ਐਸ.ਸੀ-1 (ਐਗਰੀਕਲਚਰ) ਦਾ ਦਾਖਲਾ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਕੀਤਾ ਜਾਵੇਗਾ।

## ਬੀ.ਸੀ.ਏ. ਭਾਗ ਪਹਿਲਾ (ਸਮੈਸਟਰ-1)

ਬੀ.ਸੀ.ਏ. ਪਹਿਲਾ, ਪਹਿਲਾ ਸਮੈਸਟਰ ਵਿੱਚ ਉਹ ਵਿਦਿਆਰਥੀ ਦਾਖਲੇ ਦੇ ਯੋਗ ਹੋਣਗੇ ਜਿੰਨ੍ਹਾਂ ਨੇ ਪ੍ਰਮਾਣਿਤ ਪੰਜਾਬ ਸਕੂਲ ਪੰਜਾਬ ਸਕੂਲ ਸਿੱਖਿਆ ਬੋਰਡ ਦਾ 10+2 ਜਾਂ ਇਸ ਦੇ ਬਰਾਬਰ ਦਾ ਮਾਨਤਾ ਪ੍ਰਾਪਤ ਕੋਈ ਹੋਰ ਇਮਤਿਹਾਨ ਪਾਸ ਕੀਤਾ ਹੋਵੇਗਾ। ਇਹ ਦਾਖਲਾ ਮੈਰਿਟ ਦੇ ਆਧਾਰ 'ਤੇ ਕੀਤਾ ਜਾਵੇਗਾ ।

ਵਿਸ਼ੇ :-
1. General English-I
2. Punjabi Compulsory or Mudla Gyan
3. Fundamentals of Information Technology
4. Programming Fundamentals Using C
5. Software Lab-I
6. Software Lab-II

## ਐਮ.ਏ. ਭਾਗ ਪਹਿਲਾ (ਅਰਥ-ਸ਼ਾਸਤਰ) ਸਮੈਸਟਰ-1

ਐਮ.ਏ. ਭਾਗ ਪਹਿਲਾ ਵਿੱਚ ਉਹ ਵਿਦਿਆਰਥੀ ਦਾਖਲੇ ਦੇ ਯੋਗ ਹੋਣਗੇ ਜਿੰਨ੍ਹਾਂ ਨੇ ਗਰੇਜੂਏਸ਼ਨ ਘੱਟੋ-ਘੱਟ 50% ਅੰਕਾਂ ਨਾਲ ਪਾਸ ਕੀਤੀ ਹੋਵੇ । ਇਹ ਦਾਖਲਾ ਮੈਰਿਟ ਦੇ ਆਧਾਰ ਤੇ ਕੀਤਾ ਜਾਵੇਗਾ ।

ਵਿਸ਼ੇ :-
1. Advanced Micro Economic Analysis
2. Advanced Micro Economic Analysis
3. Basic Quantitative Methods
4. Advanced Macro Economic Analysis
5. Economics of Agriculture

## ਐਮ.ਏ. ਭਾਗ ਪਹਿਲਾ (ਪੰਜਾਬੀ) ਸਮੈਸਟਰ-1

ਐਮ.ਏ. ਭਾਗ ਪਹਿਲਾ ਵਿੱਚ ਉਹ ਵਿਦਿਆਰਥੀ ਦਾਖਲੇ ਦੇ ਯੋਗ ਹੋਣਗੇ ਜਿੰਨ੍ਹਾਂ ਨੇ ਗਰੈਜੂਏਸ਼ਨ ਘੱਟੋ-ਘੱਟ 50% ਅੰਕਾਂ ਨਾਲ ਪਾਸ ਕੀਤੀ ਹੋਵੇ । ਇਹ ਦਾਖਲਾ ਮੈਰਿਟ ਦੇ ਆਧਾਰ 'ਤੇ ਕੀਤਾ ਜਾਵੇਗਾ ।

ਵਿਸ਼ੇ :-
1. ਪੰਜਾਬੀ ਸਾਹਿਤ ਦਾ ਇਤਿਹਾਸ
2. ਪੰਜਾਬੀ ਨਾਟਕ ਤੇ ਰੰਗ-ਮੰਚ
3. ਆਲੋਚਨਾ ਦੇ ਨਿਯਮ
4. ਆਧੁਨਿਕ ਪੰਜਾਬੀ ਕਵਿਤਾ
5. ਪੰਜਾਬੀ ਗਲਪ

## ਐਮ.ਏ. ਭਾਗ ਪਹਿਲਾ (ਸੰਗੀਤ) ਸਮੈਸਟਰ-1

Core 1 Scientific and Acoustical Study Hindustani Music
Core 2 History of Indian Music (Vocal)
Core 3 Stage Performance
Core 4 Viva Voce

## ਐਮ.ਏ. ਭਾਗ ਪਹਿਲਾ (ਅੰਗ੍ਰੇਜ਼ੀ) ਸਮੈਸਟਰ-1

ਐਮ.ਏ. ਭਾਗ ਪਹਿਲਾ ਵਿੱਚ ਉਹ ਵਿਦਿਆਰਥੀ ਦਾਖਲੇ ਦੇ ਯੋਗ ਹੋਣਗੇ ਜਿੰਨ੍ਹਾਂ ਨੇ ਗਰੈਜੂਏਸ਼ਨ ਘੱਟੋ-ਘੱਟ 50% ਅੰਕਾਂ ਨਾਲ ਪਾਸ ਕੀਤੀ ਹੋਵੇ । ਇਹ ਦਾਖਲਾ ਮੈਰਿਟ ਦੇ ਆਧਾਰ 'ਤੇ ਕੀਤਾ ਜਾਵੇਗਾ ।

ਵਿਸ਼ੇ :-
1. Medieval and Renaissance Poetry
2. Rise of the Novel
3. Classical and Elizabethan Drama
4. English Phonetics and phonology

ਨੋਟ: ਵਿਦਿਆਰਥੀਆਂ ਦੇ ਅਸਲ ਸਰਟੀਫਿਕੇਟ ਦਾਖਲੇ ਸਮੇਂ ਚੈੱਕ ਕੀਤੇ ਜਾਂਦੇ ਹਨ ਜੇਕਰ ਕੋਈ ਵਿਦਿਆਰਥੀ ਦਾਖਲੇ ਸਮੇਂ ਅਸਲ ਦਸਤਾਵੇਜ਼ ਪੇਸ਼ ਨਹੀਂ ਕਰਦਾ ਤਾਂ ਉਸਦੀ ਥਾਂ ਤੇ ਮੈਰਿਟ ਵਿਚਲਾ ਅਗਲਾ ਵਿਦਿਆਰਥੀ ਦਾਖਲਾ ਲੈਣ ਦਾ ਹਕਦਾਰ ਹੋਵੇਗਾ।

## ਐਮ.ਐਸ.ਸੀ. (ਕਮਿਸਟਰੀ) ਭਾਗ ਪਹਿਲਾ ਸਮੈਸਟਰ-1

ਇਸ ਸ਼੍ਰੇਣੀ ਵਿੱਚ ਉਹ ਵਿਦਿਆਰਥੀ ਦਾਖਲੇ ਦੇ ਯੋਗ ਹੋਣਗੇ ਜਿੰਨ੍ਹਾਂ ਨੇ ਬੀ.ਐਸ.ਸੀ. ਵਿੱਚੋਂ ਘੱਟੋ-ਘੱਟ 50% ਅੰਕ ਪ੍ਰਾਪਤ ਕੀਤੇ ਹੋਣ । ਇਹ ਦਾਖਲਾ ਮੈਰਿਟ ਦੇ ਆਧਾਰ ਤੇ ਕੀਤਾ ਜਾਵੇਗਾ ।

### (ਸਮੈਸਟਰ-1)

ਵਿਸ਼ੇ :-
1. Biology for Non-Medical students / Math for Medical students.
2. Inorganic Chemistry
3. Organic Chemistry
4. Physical Chemistry
5. Analytical Practicals
6. Inorganic Practicals

## ਐਮ.ਐਸ.ਸੀ. (ਕੈਮਿਸਟਰੀ) ਦੇ ਦਾਖਲੇ ਲਈ ਮੈਰਿਟ ਬਣਾਉਣ ਦੀ ਵਿਧੀ

| | | Marks Obtained | Maximum Marks |
|---|---|---|---|
| (a) | Total Marks in the qualifying examination (B.Sc.-I+II+III) (Elective Subjects only) | | |
| (b) | Marks of the qualifying examination in the subject in which admission is sought or collateral / allied subject. | | |
| (c) | Total (a+b) | | |
| (d) | Percentage Marks at (c) above | | 100 |
| (e) | Weightage admissible to NCC, NSS, Youth Activities is 1%, 2% or 3% for A, B and C certificates for Boys and G1, G2 or G3 certificates for Girls respectively, limited to a maximum marks of 6% to this category on marks obtained at (d) above. | | |
| (f) | Grand Total for ascertaining merit for admission (d+e) | | |

Note : For Admission to M.Sc. Courses there will be no weightage of B.Sc. (Hons.)

## ਜ਼ਰੂਰੀ ਨੋਟ

1. ਮੈਟ੍ਰਿਕ ਪੱਧਰ ਦੀ ਪੰਜਾਬੀ ਪ੍ਰੀਖਿਆ ਜਾਂ ਪੰਜਾਬੀ ਪ੍ਰਵੇਸ਼ਕਾ ਦੀ ਪ੍ਰੀਖਿਆ ਪਾਸ ਕਰਨ ਸਬੰਧੀ ।

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਸਿੰਡੀਕੇਟ ਦੇ ਫੈਸਲੇ ਅਨੁਸਾਰ ਵਿਗਿਆਨ, ਕਮਰਸ, ਡਾਕਟਰੀ, ਇੰਜੀਨੀਅਰਿੰਗ ਅਤੇ ਹੋਰ ਤਕਨੀਕੀ ਵਿਸ਼ਿਆ ਵਿੱਚ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਜਿੰਨ੍ਹਾਂ ਨੇ ਪਹਿਲਾਂ ਮੈਟ੍ਰਿਕ ਪੱਧਰ ਤੱਕ ਦੀ ਪੰਜਾਬੀ ਦੀ ਪ੍ਰੀਖਿਆ ਪਾਸ ਨਹੀਂ ਕੀਤੀ, ਉਹਨਾਂ ਲਈ ਆਪਣੇ ਕੋਰਸ ਦੌਰਾਨ, ਮੈਟ੍ਰਿਕ ਪੱਧਰ ਦੀ ਪੰਜਾਬੀ ਪ੍ਰੀਖਿਆ ਜਾਂ ਪੰਜਾਬੀ ਪ੍ਰਵੇਸ਼ਕਾ ਦੀ ਪ੍ਰੀਖਿਆ ਪਾਸ ਕਰਨੀ ਲਾਜ਼ਮੀ ਹੋਵੇਗੀ ।

2. ਪੰਜਾਬੀ ਲਾਜ਼ਮੀ ਵਿਸ਼ੇ ਦੀ ਥਾਂ ਪੰਜਾਬੀ ਲਾਜ਼ਮੀ (ਮੁੱਢਲਾ ਗਿਆਨ) ਦੇ ਵਿਸ਼ੇ ਬਾਰੇ ।

(ਹਵਾਲਾ : ਪੰਜਾਬੀ ਯੂਨੀਵਰਸਿਟੀ, ਪਟਿਆਲਾ ਦਾ ਪੱਤਰ ਨੰ: 3969-4217/ ਕਾਲਜ/ਜੀ. ਸੀ. 6 ਮਿਤੀ : 19-03-2015

ਪੰਜਾਬ ਹਿਸਟਰੀ ਐਂਡ ਕਲਚਰ ਦਾ ਵਿਸ਼ਾ ਖ਼ਤਮ ਕਰ ਦਿੱਤਾ ਗਿਆ ਹੈ ਅਤੇ ਹੁਣ ਵਿਦਿਆਰਥੀ ਪੰਜਾਬੀ ਲਾਜ਼ਮੀ ਦੀ ਥਾਂ 'ਤੇ ਪੰਜਾਬੀ ਲਾਜ਼ਮੀ (ਮੁੱਢਲਾ ਗਿਆਨ) ਦਾ ਵਿਸ਼ਾ ਹੀ ਪੜ੍ਹ ਸਕਦੇ ਹਨ।

1. ਜਿੰਨਾਂ ਵਿਦਿਆਰਥੀਆਂ ਨੇ ਦਸਵੀਂ /10+2 ਕਲਾਸ ਦੀ ਪ੍ਰੀਖਿਆ ਪੰਜਾਬ ਰਾਜ ਤੋਂ ਬਾਹਰੋਂ ਪਾਸ ਕੀਤੀ ਹੋਵੇ ਅਤੇ ਪੰਜਾਬੀ ਦਾ ਵਿਸ਼ਾ ਨਾ ਪੜ੍ਹਿਆ ਹੋਵੇ।
2. ਡਿਫੈਂਸ ਪਰਸੋਨਲ/ਪੈਰਾ-ਮਿਲਟਰੀ ਪਰਸੋਨਲ (ਸੇਵਾ-ਮੁਕਤ ਜਾਂ ਨੌਕਰੀ ਵਿੱਚ ਹੋਵੇ) ਦੇ ਬੱਚੇ ਵੀ ਪੰਜਾਬੀ ਲਾਜ਼ਮੀ (ਮੁੱਢਲਾ ਗਿਆਨ) ਦਾ ਵਿਸ਼ਾ ਪੜ੍ਹ ਸਕਦੇ ਹਨ। ਜੇਕਰ ਵਿਦਿਆਰਥੀ ਦੇ ਪਿਤਾ ਨਹੀਂ ਹਨ ਤਾਂ ਮਾਤਾ ਜਾਂ ਗਾਰਡੀਅਨ ਵੀ ਸਵੈ-ਘੋਸ਼ਣਾ ਦੇ ਸਕਦੇ ਹਨ ਕਿ ਵਿਦਿਆਰਥੀ ਨੇ ਪੰਜਾਬੀ ਨਹੀਂ ਪੜ੍ਹੀ।

## ਬੀ.ਐਸ.ਸੀ. (ਮੈਡੀਕਲ/ਨਾਨ-ਮੈਡੀਕਲ)/ਬੀ.ਕਾਮ. ਭਾਗ ਦੂਜਾ ਅਤੇ ਤੀਜਾ/ਬੀ.ਸੀ.ਏ. ਭਾਗ ਦੂਜਾ ਅਤੇ ਤੀਜਾ/ਬੀ.ਏ ਭਾਗ ਦੂਜਾ ਅਤੇ ਤੀਜਾ ਸਮੈਸਟਰ ਪ੍ਰਣਾਲੀ

To qualify for admission to 2nd year of the course, the candidate must have passed 50% of total papers of the two semesters of the 1st Year. Similarly, to qualify for admission to 3rd year of the course, the candidate should have passed 50% of total papers of four semesters of the earlier

ਵਿਸ਼ੇ : ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਸਿਲੇਬਸ ਅਨੁਸਾਰ ਹੋਣਗੇ ।

# ਬੀ.ਐਸ.ਸੀ. ਆਨਰਸ ਇਨ ਐਗਰੀਕਲਚਰ ਭਾਗ ਚੌਥਾ

A candidate who has passed the previous semester of B.Sc. Agriculture class will be eligible to joint next semester. A candidate, who has failed in not more than two theory papers and two laboratory (Practical) papers in the regular examination of the semester may appear in such papers in the next supplementary examination along with the regular examination of next semester. In cases he/she fails again in the above said reappear examination, he/she shall be provisionally promoted to next semester and allowed to appear for these papers along with the regular examination of the semester to which the candidate was provisionally prompted.

A candidate, who has failed in not more than two theory papers and two practical papers shall appear only in these paper in subsequent examination held thereafter. Moreover, a candidate who has failed in more than two theory papers and two practical papers shall be declared fail and will appear in all theory and practical papers in the subsequent regular examination of the semester.

Candidate is required to pass all the theory and practical papers of B.Sc. Agriculture Semester First examination in order to prompted to semester sixth. Similar conditions will be applicable for subsequent semester. Similarly candidate who has passed completely (all theory and practical papers) of semester Two/Three/Four and Five shall be prompted and allowed to attend classes of B.Sc. Agriculture semester Five/Six/Seven and Eight respectively.

ਨੋਟ : ਬੀ.ਐਸ.ਸੀ. ਐਗਰੀਕਲਚਰ ਭਾਗ ਚੌਥਾ (ਸਮੈਸਟਰ 7ਵਾਂ) ਦੇ ਵਿਦਿਆਰਥੀਆਂ ਨੂੰ ਉਹੀ ਚੋਣਵਾ ਵਿਸ਼ਾ ਲੈਣਾ ਹੋਵੇਗਾ ਜਿਸ ਵਿਸ਼ੇ ਦਾ ਅਧਿਆਪਕ ਕਾਲਜ ਕੋਲ ਉਪਲੱਬਧ ਹੋਣਗੇ)

ਵਿਸ਼ੇ : ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਿਲੇਬਸ ਅਨੁਸਾਰ ਹੋਣਗੇ ।

ਕੁਆਲੀਫਾਇੰਗ ਵਿਸ਼ੇ :-

**ਵਾਤਾਵਰਣ ਅਤੇ ਸੜਕ ਸੁਰੱਖਿਆ ਜਾਗਰੁਕਤਾ ਵਿਸ਼ਾ :-** ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਇਸ ਵਿਸ਼ੇ ਦੀ ਪ੍ਰੀਖਿਆ ਅੰਡਰ ਗਰੈਜੂਏਟ ਪੱਧਰ ਦੇ ਕੋਰਸਾਂ ਦੇ ਦੂਜੇ ਸਾਲ ਸਮੈਸਟਰ 3 ਵਿੱਚ ਲਈ ਜਾਇਆ ਕਰੇਗੀ। (ਹਵਾਲਾ : ਪੰਜਾਬੀ ਯੂਨੀਵਰਸਿਟੀ, ਪਟਿਆਲਾ ਦਾ ਡਿਪਟੀ ਰਜਿਸਟਰਾਰ (ਮੀਟਿੰਗਜ਼) ਦਾ ਪੱਤਰ ਨੰ: 1505-1615 ਮਿਤੀ: 05-03-2010)

Drug Abuse problem Management and Prevention ਵਿਸ਼ਾ :- ਇਹ ਵਿਸ਼ਾ ਅੰਡਰ ਗਰੈਜੂਏਟ ਪੱਧਰ ਤੇ ਭਾਗ ਪਹਿਲਾ (ਸਮੈਸਟਰ ਦੂਜਾ) ਵਿੱਚ ਕੁਆਲੀਫਾਇੰਗ ਵਿਸ਼ਾ ਲਾਗੂ ਕੀਤਾ ਗਿਆ ਹੈ। (ਹਵਾਲਾ : ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਪੱਤਰ ਨੰ: 13845-14133/ਸਮ-6 ਮਿਤੀ 12-10-2016) ਮਿਤੀ: 05-03-2010)

# ਕਾਲਜ ਅਨੁਸ਼ਾਸਨ ਸੰਬੰਧੀ ਨਿਯਮ/ਚਿਤਾਵਨੀਆਂ

1. ਕਾਲਜ ਵਿੱਚ ਦਾਖਲਾ ਲੈਣ ਵਾਲੇ ਹਰ ਵਿਦਿਆਰਥੀ ਲਈ ਕਾਲਜ ਦੇ ਨਿਯਮਾਂ ਦਾ ਪਾਲਣ ਕਰਨਾ ਜ਼ਰੂਰੀ ਹੈ। ਅਨੁਸਾਸ਼ਨ ਭੰਗ ਕਰਨ ਵਾਲੇ ਵਿਦਿਆਰਥੀਆਂ ਵਿਰੁੱਧ ਪ੍ਰਿੰਸੀਪਲ ਨੂੰ ਅਨੁਸ਼ਾਸਨੀ ਕਾਰਵਾਈ ਕਰਨ ਦਾ ਪੂਰਨ ਅਧਿਕਾਰ ਹੈ।
2. ਪ੍ਰਿੰਸੀਪਲ ਦੀ ਅਗੇਤੀ ਆਗਿਆ ਪ੍ਰਾਪਤ ਕੀਤੇ ਬਿਨਾਂ ਕਾਲਜ ਵਿੱਚ ਕਿਸੇ ਵੀ ਸਗੰਠਨ ਵੱਲੋਂ ਪੋਸਟਰ ਲਗਾਉਣਾ ਜਾਂ ਕੋਈ ਵੀ ਮੀਟਿੰਗ ਕਰਨਾ ਸਖ਼ਤ ਮਨ੍ਹਾ ਹੈ। ਬਿਨ੍ਹਾਂ ਆਗਿਆ ਕਿਸੇ ਵੀ ਬਾਹਰਲੇ ਵਿਅਕਤੀ ਦੁਆਰਾ ਕਾਲਜ ਵਿੱਚ ਕੋਈ ਮੀਟਿੰਗ ਨਹੀਂ ਕੀਤੀ ਜਾ ਸਕਦੀ। ਅਜਿਹਾ ਕਰਨ ਵਾਲੇ ਵਿਰੁੱਧ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ।
3. ਬਾਹਰਲੇ ਕਿਸੇ ਵਿਅਕਤੀ ਜਾਂ ਵਿਦਿਆਰਥੀ ਨੂੰ ਕਾਲਜ ਵਿੱਚ ਨਾਲ ਲੈ ਕੇ ਆਉਣਾ ਸਖ਼ਤ ਮਨ੍ਹਾਂ ਹੈ। ਜਿੰਨ੍ਹਾਂ ਵਿਦਿਆਰਥੀਆਂ ਦੇ ਮਾਪੇ ਲੋਕਲ ਨਹੀਂ ਰਹਿੰਦੇ ਉਨ੍ਹਾਂ ਦੇ ਗਾਰਡੀਅਨ ਜਿੰਮੇਵਾਰ ਵਿਅਕਤੀ ਹੋਣ ਨਾ ਕਿ ਉਨ੍ਹਾਂ ਦੇ ਛੋਟੇ ਭੈਣ-ਭਰਾ ਜਾਂ ਮਿੱਤਰ।
4. ਰੋਜ਼ਾਨਾ ਹਾਜ਼ਰੀ ਤੋਂ ਭਾਵ ਟਾਈਮ-ਟੇਬਲ ਅਨੁਸਾਰ ਦਿਨ ਦੇ ਸਾਰੇ ਪੀਰੀਅਡਾਂ ਦੀ ਹਾਜ਼ਰੀ ਲਾਜ਼ਮੀ ਹੈ। ਕਿਸੇ ਵਿਸ਼ੇਸ਼ ਮੌਕੇ ਲਈ ਗੈਰ-ਹਾਜ਼ਰ ਵਿਦਿਆਰਥੀ ਨਿਯਮਾਂ ਅਨੁਸਾਰ ਜੁਰਮਾਨਾ ਭਰਨਗੇ।
5. ਵਿੱਦਿਅਕ ਅਤੇ ਸੱਭਿਆਚਾਰਕ ਵਿਸ਼ਿਆਂ ਆਦਿ ਉੱਤੇ ਪ੍ਰਿੰਸੀਪਲ, ਅਧਿਆਪਕ ਜਾਂ ਪ੍ਰਸਿੱਧ ਵਿਅਕਤੀਆਂ ਵੱਲੋਂ ਦਿੱਤੇ ਜਾਂਦੇ ਵਿਸ਼ੇਸ਼

ਭਾਸ਼ਣਾਂ ਵਿੱਚ ਵਿਦਿਆਰਥੀਆਂ ਲਈ ਹਾਜ਼ਰ ਹੋਣਾ ਜ਼ਰੂਰੀ ਹੈ।

6. ਵਿਦਿਆਰਥੀਆਂ ਲਈ ਪ੍ਰਵਾਨਤ ਪਾਰਕਾਂ ਜਾਂ ਸਥਾਨਾਂ 'ਤੇ ਹੀ ਰਹਿਣਾ ਜ਼ਰੂਰੀ ਹੈ। ''ਸੰਜੀਵਨੀ ਹਾਲ'' ਲੜਕੀਆਂ ਲਈ ਰਾਖਵਾਂ ਹੈ, ਸੋ ਲੜਕਿਆਂ ਲਈ ਇਸ ਵਿੱਚ ਜਾਣਾ ਵਰਜਿਤ ਹੈ। ਉਲੰਘਣਾ ਕਰਨ ਵਾਲੇ ਵਿਦਿਆਰਥੀਆਂ ਨੂੰ ਵਿਸ਼ੇਸ਼ ਜੁਰਮਾਨਾ ਕੀਤਾ ਜਾਵੇਗਾ।

7. ਪ੍ਰਿੰਸੀਪਲ ਸਾਹਿਬ ਪਾਸ ਸਾਰੀਆਂ ਅਰਜ਼ੀਆਂ ਪੰਜਾਬੀ ਭਾਸ਼ਾ ਵਿੱਚ ਦਿੱਤੀਆਂ ਜਾਣੀਆਂ ਜ਼ਰੂਰੀ ਹਨ।

8. ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਉਹ ਕਾਲਜ ਕੈਂਪਸ ਨੂੰ ਸਾਫ਼-ਸੁਥਰਾ ਰੱਖਣ। ਕਿਤੇ ਵੀ ਕੁੱਝ ਲਿਖਣਾ, ਨਿਸ਼ਾਨ ਲਗਾਉਣੇ ਜਾਂ ਇਸ਼ਤਿਹਾਰ ਲਗਾਉਣੇ ਸਖ਼ਤ ਮਨ੍ਹਾ ਹੈ। ਪਾਰਕਾਂ ਵਿੱਚੋਂ ਫੁੱਲ-ਬੂਟੇ ਤੋੜਨਾ ਮਨ੍ਹਾ ਹੈ ਅਤੇ ਕਾਲਜ ਕੈਂਪਸ ਨੂੰ ਖਰਾਬ ਕਰਨ ਵਾਲੇ ਵਿਦਿਆਰਥੀਆਂ ਨੂੰ ਭਾਰੀ ਜੁਰਮਾਨਾ ਹੋਵੇਗਾ।

9. ਸਰਕਾਰੀ ਜਾਇਦਾਦ ਜਿਵੇਂ ਕਿ ਡੈਸਕ, ਕੁਰਸੀਆਂ, ਬੈਂਚ, ਖਿੜਕੀਆਂ ਅਤੇ ਖਿੜਕੀਆਂ ਦੇ ਸ਼ੀਸ਼ੇ, ਪੱਖੇ, ਬਲੈਕ-ਬੋਰਡ ਆਦਿ ਤੋੜਨ ਵਾਲੇ ਨੂੰ ਵਸਤੂ ਖਰੀਦ ਕੇ ਦੇਣੀ ਪਵੇਗੀ ਅਤੇ ਸਪੈਸ਼ਲ ਜੁਰਮਾਨਾ ਵੀ ਹੋਵੇਗਾ।

10. ਪ੍ਰਿੰਸੀਪਲ ਸਾਹਿਬ ਪਾਸ ਯੋਗ ਢੰਗ ਨਾਲ ਆਪਣੀਆਂ ਮੁਸ਼ਕਲਾਂ ਦੱਸਣ ਦੀ ਵਿਦਿਆਰਥੀਆ ਨੂੰ ਖੁੱਲ੍ਹ ਹੈ। ਵਿਦਿਆਰਥੀ ਡੀਨ ਸਟੂਡੈਂਟ ਵੈਲਫੇਅਰ ਪ੍ਰੋ. ਕੁਲਵਿੰਦਰ ਕੌਰ ਨਾਲ ਵੀ ਆਪਣੀ ਮੁਸ਼ਕਲਾਂ ਸਬੰਧੀ ਸੰਪਰਕ ਕਰ ਸਕਦੇ ਹਨ।

11. ਕਾਲਜ ਵਿੱਚ ਦਾਖਲ ਹੋਣ ਸਮੇਂ ਹਰ ਵਿਦਿਆਰਥੀ ਲਈ ਸ਼ਨਾਖਤੀ ਕਾਰਡ ਆਪਣੇ ਕੋਲ ਰੱਖਣਾ ਜ਼ਰੂਰੀ ਹੈ, ਇਸ ਤੋਂ ਬਿਨ੍ਹਾਂ ਕਾਲਜ ਵਿੱਚ ਦਾਖਲ ਹੋਣਾ ਮਨ੍ਹਾਂ ਹੈ। ਇਹ ਸ਼ਨਾਖਤੀ ਕਾਰਡ ਕਾਲਜ ਦੇ ਜ਼ਿੰਮੇਵਾਰ ਅਧਿਕਾਰੀ ਦੇ ਪੁੱਛਣ ਤੇ ਦਿਖਾਉਣਾ ਲਾਜ਼ਮੀ ਹੈ।

12. ਕਾਲਜ ਕੈਂਪਸ ਵਿੱਚ ਸਿਗਰਟ, ਸ਼ਰਾਬ ਪੀਣਾ ਜਾਂ ਕਿਸੇ ਹੋਰ ਤਰ੍ਹਾਂ ਦੇ ਨਸ਼ੇ ਦਾ ਸੇਵਨ ਕਰਨ, ਤਾਸ਼ ਅਤੇ ਜੂਆ ਖੇਡਣ ਦੀ ਸਖ਼ਤ ਮਨਾਹੀ ਹੈ। ਅਜਿਹਾ ਕਰਨ ਵਾਲੇ ਵਿਦਿਆਰਥੀਆਂ ਵਿਰੁੱਧ ਸਖ਼ਤ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ।

13. ਕਾਲਜ ਵਿੱਚ ਰੈਗਿੰਗ ਕਰਨ ਦੀ ਸਖ਼ਤ ਮਨਾਹੀ ਹੈ। ਕਾਲਜ ਵਿੱਚ ਰੈਗਿੰਗ ਕਰਨ ਵਾਲੇ ਵਿਦਿਆਰਥੀ ਵਿਰੁੱਧ ਮਾਨਯੋਗ ਸੁਪਰੀਮ ਕੋਰਟ ਦੇ ਆਦੇਸ਼ ਅਨੁਸਾਰ ਸਖਤ ਕਾਨੂੰਨੀ ਅਤੇ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ ਅਤੇ ਉਸਨੂੰ ਕਾਲਜ ਵਿੱਚੋਂ ਕੱਢ ਦਿੱਤਾ ਜਾਵੇਗਾ।

14. ਕਾਲਜ ਵਿੱਚ ਮੋਬਾਇਲ ਫ਼ੋਨ ਲਿਆਉਣ ਤੇ ਸਖਤ ਮਨਾਹੀ ਹੈ। ਉਲੰਘਣਾ ਕਰਨ ਵਾਲੇ ਵਿਦਿਆਰਥੀਆਂ ਨੂੰ ਜੁਰਮਾਨਾ ਕੀਤਾ ਜਾਵੇਗਾ ਅਤੇ ਉਨ੍ਹਾਂ ਦਾ ਮੋਬਾਇਲ ਵੀ ਜ਼ਬਤ ਕੀਤਾ ਜਾ ਸਕਦਾ ਹੈ।

15. ਕਾਲਜ ਵਿੱਚ ਪਟਕਾ ਬੰਨ੍ਹ ਕੇ ਆਉਣ ਦੀ ਸਖਤ ਮਨਾਹੀ ਹੈ। ਜਿਹੜਾ ਵਿਅਕਤੀ ਅਜਿਹੇ ਪਹਿਰਾਵੇ ਵਿੱਚ ਪਾਇਆ ਗਿਆ ਉਸਨੂੰ ਅਨੁਸ਼ਾਸਨੀ ਕਾਰਵਾਈ ਅਧੀਨ ਜੁਰਮਾਨਾ ਕੀਤਾ ਜਾ ਸਕਦਾ ਹੈ ਅਤੇ ਦੂਸਰੀ ਵਾਰ ਅਜਿਹਾ ਕਰਨ 'ਤੇ ਕਾਲਜ ਵਿੱਚੋਂ ਸਸਪੈਂਡ ਕੀਤਾ ਜਾ ਸਕਦਾ ਹੈ।

16. ਸਾਈਕਲ, ਸਕੂਟਰ, ਮੋਟਰ-ਸਾਈਕਲ ਨਿਸ਼ਚਿਤ ਸਾਈਕਲ ਸਟੈਂਡ ਤੇ ਹੀ ਖੜ੍ਹੇ ਕੀਤੇ ਜਾਣ। ਇਹਨਾਂ ਹੁਕਮਾਂ ਦੀ ਉਲੰਘਣਾ ਕਰਨ ਵਾਲੇ ਵਿਦਿਆਰਥੀਆਂ ਨੂੰ ਵਿਸ਼ੇਸ਼ ਜੁਰਮਾਨਾ ਕੀਤਾ ਜਾਵੇਗਾ।

17. ਖੇਡ ਦੇ ਮੈਦਾਨ ਵਿੱਚ ਕੋਈ ਵੀ ਵਹੀਕਲ ਚਲਾਉਣਾ ਜਾਂ ਖੜ੍ਹਾ ਕਰਨਾ ਮਨ੍ਹਾਂ ਹੈ।

18. ਕਾਲਜ ਪ੍ਰਤੀ ਕਿਸੇ ਕਿਸਮ ਦਾ ਸੁਝਾਅ ਜਾਂ ਸ਼ਿਕਾਇਤ ਪ੍ਰਿੰਸੀਪਲ ਦਫ਼ਤਰ ਦੇ ਬਾਹਰ ਲੱਗੇ ਸੁਝਾਅ ਬਕਸੇ ਵਿੱਚ ਲਿਖਤੀ ਰੂਪ ਵਿੱਚ ਕੀਤੀ ਜਾ ਸਕਦੀ ਹੈ। ਇਹ ਬਕਸਾ ਕੇਵਲ ਪ੍ਰਿੰਸੀਪਲ ਸਾਹਿਬ ਵੱਲੋਂ ਹਰ ਹਫ਼ਤੇ ਖੋਲਿਆ ਜਾਂਦਾ ਹੈ।

19. ਕਿਸੇ ਵਿਦਿਆਰਥੀ ਦੀ ਕਿਸੇ ਹਰਕਤ ਨੂੰ ਦੁਰ ਵਿਵਹਾਰ ਜਾਂ ਅਨੁਸ਼ਾਸਨ ਵਿਰੁੱਧ ਕਰਾਰ ਦੇਣ ਦਾ ਅੰਤਿਮ ਅਧਿਕਾਰ ਪ੍ਰਿੰਸੀਪਲ ਸਾਹਿਬ ਦੇ ਹੱਥ ਵਿੱਚ ਹੈ। ਅਜਿਹੇ ਕਸੂਰ ਦੇ ਬਦਲੇ ਪ੍ਰਿੰਸੀਪਲ, ਵਿਦਿਆਰਥੀ ਨੂੰ ਜੁਰਮਾਨਾ/ਕਾਲਜ ਤੋਂ ਕੱਢਣ/ਬਲੈਕ ਲਿਸਟ ਕਰ ਸਕਦੇ ਹਨ।

20. ਕਾਲਜ ਆਉਣ ਸਮੇਂ ਮਾਸਕ ਪਹਿਣ ਕੇ ਆਉਣਾ ਜ਼ਰੂਰੀ ਹੈ।

21. ਸ਼ੋਸਲ ਡਿਸਟੈਂਸਿੰਗ ਦਾ ਪਾਲਣ ਕਰੋ।

# ਦਾਖਲੇ ਸਬੰਧੀ ਯੂਨੀਵਰਸਿਟੀ ਵੱਲੋਂ ਕੁੱਝ ਜ਼ਰੂਰੀ ਹਦਾਇਤਾਂ

ਵੱਖ ਵੱਖ ਕੋਰਸਾਂ ਵਿੱਚ ਦਾਖਲੇ ਦੀਆਂ ਪਾਤਰਤਾ ਸ਼ਰਤਾਂ ਉਹੀ ਹਨ ਜੋ ਕਿ ਸੰਬੰਧਿਤ ਕੋਰਸ ਦੇ ਯੂਨੀਵਰਸਿਟੀ ਦੇ ਅਧਿਆਦੇਸ਼ਾਂ ਰਾਹੀਂ ਨਿਰਧਾਰਿਤ ਕੀਤੀਆਂ ਗਈਆਂ ਹਨ।

1. ਜੇਕਰ ਕਿਸੇ ਵਿਦਿਆਰਥੀ ਦੀ ਬੀ.ਏ. ਭਾਗ ਪਹਿਲਾ ਵਿੱਚ ਰੀ-ਅਪੀਅਰ ਹੈ ਤਾਂ ਉਹ ਕੇਵਲ ਬੀ.ਏ. ਭਾਗ ਦੂਜਾ ਵਿੱਚ ਹੀ ਦਾਖਲਾ ਲੈ ਸਕਦਾ ਹੈ। ਜਦੋਂ ਤੱਕ ਉਸਦੀ ਭਾਗ ਪਹਿਲਾ ਦੀ ਰੀ-ਅਪੀਅਰ ਵਿਸ਼ੇ ਦੀ ਪ੍ਰੀਖਿਆ ਕਲੀਅਰ ਨਹੀਂ ਹੋ ਜਾਂਦੀ, ਉਹ ਭਾਗ ਤੀਜਾ ਵਿੱਚ ਦਾਖਲਾ ਦੀ ਯੋਗਤਾ ਨਹੀਂ ਰੱਖਦਾ।
2. ਜਿਹਨਾਂ ਵਿਦਿਆਰਥੀਆਂ ਨੇ ਹੇਠਲੀ ਪ੍ਰੀਖਿਆ ਹੋਰ ਯੂਨੀਵਰਸਿਟੀਆਂ/ਬੋਰਡਾਂ ਤੋਂ ਪਾਸ ਕੀਤੀਆਂ ਹਨ, ਉਹਨਾਂ ਨੂੰ ਦਾਖਲੇ ਤੋਂ ਪਹਿਲਾਂ ਯੂਨੀਵਰਸਿਟੀ ਦੀ ਰਜਿਸਟ੍ਰੇਸ਼ਨ ਸ਼ਾਖਾ ਤੋਂ ਲੋੜੀਂਦਾ ਪਾਤਰਤਾ ਸਰਟੀਫਿਕੇਟ (Eligibility Certificate) ਪ੍ਰਾਪਤ ਕਰਨ ਉਪਰੰਤ ਹੀ ਕਾਲਜ ਵੱਲੋਂ ਦਾਖਲਾ ਯੂਨੀਵਰਸਿਟੀ ਨਿਯਮਾਂ ਅਨੁਸਾਰ ਦਿੱਤਾ ਜਾਵੇਗਾ। ਪੰਜਾਬ, ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਸੀ.ਬੀ.ਐਸ.ਈ. ਅਤੇ ਆਈ. ਸੀ.ਐਸ. ਸੀ. ਬੋਰਡਾਂ ਤੋਂ ਪਾਸ ਵਿਦਿਆਰਥੀਆਂ ਨੂੰ ਇਸ ਸਰਟੀਫਿਕੇਟ ਦੀ ਲੋੜ ਨਹੀਂ।
3. ਨਿਯਮਾਂ ਅਨੁਸਾਰ ਪੁਨਰ-ਮੁਲਾਂਕਣ ਉਪਰੰਤ ਲੇਟ ਦਾਖਲੇ ਦੀ ਸੁਵਿਧਾ ਹੈ, ਪਰ ਸ਼ਰਤ ਇਹ ਹੈ ਕਿ ਸੀਟਾਂ ਖਾਲੀ ਹੋਣ।
4. ਜਿਹੜੇ ਵਿਦਿਆਰਥੀ ਬੀ.ਏ./ਬੀ.ਐਸ.ਸੀ./ਬੀ.ਕਾਮ.-ਭਾਗ ਪਹਿਲਾ ਅਤੇ ਦੂਜੇ ਦੀ ਪ੍ਰੀਖਿਆ ਬਾਹਰਲੀਆਂ ਯੂਨੀਵਰਸਿਟੀ ਤੋਂ ਪਾਸ ਕਰਕੇ ਇਸ ਯੂਨੀਵਰਸਿਟੀ ਵਿੱਚ ਦਾਖਲਾ ਲੈਂਦੇ ਹਨ, ਉਨ੍ਹਾਂ ਦੇ ਬਣਦੇ ਡੈਫਿਸਿਟ ਪਰਚੇ ਦੇ ਕੇਸ ਯੂਨੀਵਰਸਿਟੀ ਵੱਲੋਂ ਦਿੱਤੀ ਗਈ ਤਾਰੀਖ ਦੇ ਅਨੁਸਾਰ ਬਿਨਾਂ ਲੇਟ ਫੀਸ ਅਤੇ ਉਸ ਤੋਂ ਬਾਅਦ ਬਣਦੀ ਲੇਟ ਫੀਸ ਨਾਲ ਡੀਨ, ਕਾਲਜ ਵਿਭਾਗ, ਕੌਂਸਲ ਦੇ ਦਫਤਰ ਯੂਨੀਵਰਸਿਟੀ ਦੇ ਦਫ਼ਤਰ ਵਿਖੇ ਪਹੁੰਚਦੇ ਕੀਤੇ ਜਾਣਗੇ।
5. ਯੂਨੀਵਰਸਿਟੀ ਦੀਆਂ ਵੱਖ-ਵੱਖ ਸ਼੍ਰੇਣੀਆਂ ਦੇ ਦਾਖਲੇ ਅਤੇ ਫੰਡਾਂ ਸਬੰਧੀ ਨਿਯਮਾਂ ਵਿੱਚ ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਜਾਬ ਸਰਕਾਰ ਵੱਲੋਂ ਸਮੇਂ ਸਿਰ ਕੀਤੀਆਂ ਤਬਦੀਲੀਆਂ ਲਾਗੂ ਹੋਣਗੀਆਂ।
6. ਕਿਸੇ ਹੋਰ ਯੂਨੀਵਰਸਿਟੀ/ਬੋਰਡ ਵਿੱਚੋਂ ਪੜ੍ਹ ਕੇ ਆਏ ਵਿਦਿਆਰਥੀ ਨੂੰ ਯੂਨੀਵਰਸਿਟੀ/ਬੋਰਡ ਮਾਈਗ੍ਰੇਟ ਕਰਨ ਦਾ ਪ੍ਰਮਾਣ-ਪੱਤਰ ਦੇਣਾ ਪਵੇਗਾ।
7. ਪੰਜਾਬੀ ਯੂਨੀਵਰਸਿਟੀ ਦੇ ਪੱਤਰ ਨੰ: 3681-3826/ਕਾਲਜ/ਸ-4 ਮਿਤੀ 18-04-2012 ਅਨੁਸਾਰ ਬੋਰਡ ਆਫ਼ ਹਾਇਰ ਸੈਕੰਡਰੀ ਐਜੂਕੇਸ਼ਨ, ਦਿੱਲੀ ਤੋਂ 10+2 ਪਾਸ ਵਿਦਿਆਰਥੀਆਂ ਨੂੰ ਕਿਸੇ ਵੀ ਕਲਾਸ ਵਿੱਚ ਦਾਖਲਾ ਨਹੀਂ ਦਿੱਤਾ ਜਾਵੇਗਾ।
8. ਸੈਸ਼ਨ 2022-23 ਤੋਂ 10+2 ਵਿੱਚੋਂ ਰੀ-ਅਪੀਅਰ ਪਾਸ ਕਰਨ ਵਾਲੇ ਵਿਦਿਆਰਥੀਆਂ ਨੂੰ ਕਿਸੇ ਵੀ ਕਲਾਸ ਵਿੱਚ ਦਾਖ਼ਲੇ ਦੀ ਸੁਵਿਧਾ ਨਹੀਂ ਹੋਵੇਗੀ। ਪ੍ਰੰਤੂ ਨਿਰਧਾਰਿਤ ਮਿਤੀਆਂ ਦੌਰਾਨ ਰੀ-ਅਪੀਅਰ ਪਾਸ ਕਰਨ ਵਾਲੇ ਵਿਦਿਆਰਥੀ ਨੂੰ ਯੋਗਤਾ ਅਨੁਸਾਰ ਦਾਖ਼ਲਾ ਦਿੱਤਾ ਜਾ ਸਕਦਾ ਹੈ। ਪ੍ਰੰਤੂ ਇਸ ਦੀ ਪ੍ਰਵਾਨਗੀ ਨਿਰਧਾਰਤ ਮਿਤੀਆਂ ਅਨੁਸਾਰ ਸਬੰਧਤ ਅਧਿਕਾਰੀ ਤੋਂ ਲੈਣੀ ਲਾਜ਼ਮੀ ਹੋਵੇਗੀ।

ਹਵਾਲਾ : ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਪੱਤਰ ਨੰ: 2008/ਕਾਲਜਾਂ/ਸ.-1/ ਮਿਤੀ: 16-04-2019)

# ਸੈਸ਼ਨ : 2022-2023 ਦੇ ਦਾਖਲੇ ਸੰਬੰਧੀ ਜਨਰਲ ਤੇ ਜ਼ਰੂਰੀ ਹਦਾਇਤਾਂ

1. Entry Level ਕਲਾਸਾਂ ਦਾ ਦਾਖਲਾ (B.A-1, B.Sc.I (Medical ਅਤੇ Non Medical), B.Com.I, B.C.A.I State Level Online Portal ਤੇ ਹੋਵੇਗਾ।
2. ਵਿਦਿਆਰਥੀਆਂ ਨੂੰ State Level Online Portal ਤੇ ਫਾਰਮ ਭਰਨੇ ਹਨ ਤੇ College Preference ਦੇ ਹਿਸਾਬ ਨਾਲ ਵਿਦਿਆਰਥੀ ਕਾਲਜ ਨੂੰ ਅਲਾਟ ਹੋਣਗੇ।
3. ਯੂਨੀਵਰਸਿਟੀ ਬੋਰਡ ਪ੍ਰੀਖਿਆ ਵਿੱਚ ਫੇਲ ਹੋਏ/ਰਿਵਰਟ ਹੋਏ ਵਿਦਿਆਰਥੀਆਂ, ਪ੍ਰੀਖਿਆ ਵਿੱਚ ਗ਼ੈਰ-ਹਾਜ਼ਰ, ਪ੍ਰੀਖਿਆ ਵਿੱਚ ਪਰਚੇ ਛੱਡ ਜਾਣ ਵਾਲੇ, ਪਿਛਲੇ ਸਾਲਾਂ ਵਿੱਚ ਪੜ੍ਹਾਈ ਛੱਡੀ ਰੱਖਣ ਵਾਲੇ ਅਤੇ ਯੂਨੀਵਰਸਿਟੀ ਵੱਲੋਂ ਲਗਾਈਆਂ ਕੰਡੀਸ਼ਨਾਂ ਨਾ

ਪੂਰੀਆਂ ਕਰਨ ਵਾਲੇ ਵਿਦਿਆਰਥੀਆਂ ਨੂੰ ਦਾਖਲਾ ਨਹੀਂ ਦਿੱਤਾ ਜਾਵੇਗਾ।

4. ਕਾਲਜ ਵਿੱਚ ਪਹਿਲਾਂ ਪੜ੍ਹਦੇ ਵਿਦਿਆਰਥੀਆਂ ਨੂੰ ਅਗਲੀ ਕਲਾਸ (ਭਾਗ-ਦੂਜਾ ਜਾਂ ਤੀਜਾ) ਵਿੱਚ ਦਾਖਲਾ, ਯੂਨੀਵਰਸਿਟੀ ਵੱਲੋਂ ਨਿਰਧਾਰਿਤ ਨਿਯਮਾਂ ਅਨੁਸਾਰ ਪਹਿਲ ਦੇ ਅਧਾਰ 'ਤੇ ਹੀ ਦਿੱਤਾ ਜਾਵੇਗਾ।
5. ਸੀਟਾਂ ਭਰ ਜਾਣ ਉਪਰੰਤ ਲੇਟ ਆਏ ਉਮੀਦਵਾਰਾਂ ਦਾ ਦਾਖਲਾ ਲਈ ਜਤਲਾਇਆ ਕੋਈ ਵੀ ਹੱਕ ਨਹੀਂ ਮੰਨਿਆ ਜਾ ਸਕੇਗਾ ਭਾਵੇਂ ਉਸਦੀ ਮੈਰਿਟ ਪਹਿਲਾਂ ਦਾਖਲ ਹੋਏ ਵਿਦਿਆਰਥੀਆਂ ਨਾਲ ਵਧੇਰੇ ਹੀ ਕਿਉਂ ਨਾ ਹੋਵੇ।
6. ਸਰੀਰਕ ਸਿੱਖਿਆ ਦਾ ਵਿਸ਼ਾ, ਦਾਖਲ ਹੋਏ ਉਨ੍ਹਾ ਵਿਦਿਆਰਥੀਆਂ ਨੂੰ ਹੀ ਮਿਲੇਗਾ ਜਿਹੜੇ ਸਰੀਰਕ ਸਿੱਖਿਆ ਦੇ ਟੈਸਟ ਵਿੱਚ ਯੋਗ ਪਾਏ ਜਾਣਗੇ।
7. ਇੱਕ ਵਿਸ਼ੇ ਦੀਆਂ ਸੀਟਾਂ ਪੂਰੀਆਂ ਹੋ ਜਾਣ ਤੇ ਉਸ ਵਿਸ਼ੇ ਦੀ ਥਾਂ ਦੂਜਾ ਵਿਸ਼ਾ ਲੈਣ ਤੇ ਹੀ ਦਾਖਲਾ ਮਿਲ ਸਕੇਗਾ। ਬਾਅਦ ਵਿੱਚ ਅਜਿਹਾ ਵਿਸ਼ਾ ਲੈਣ ਵਾਲੇ ਵਿਦਿਆਰਥੀਆਂ ਦਾ ਵਿਸ਼ਾ ਬਦਲਿਆ ਨਹੀਂ ਜਾਵੇਗਾ।
8.. ਕਾਲਜ ਵਿੱਚ ਵੱਖ ਵੱਖ ਕਲਾਸਾਂ ਦੇ ਪਹਿਲੇ ਸਮੈਸਟਰ ਦੇ ਦਾਖਲੇ ਲਈ ਇਕ ਸਾਲ ਦੇ ਗੈਪ ਵਾਲੇ ਵਿਦਿਆਰਥੀਆਂ ਨੂੰ ਗੈਪ ਦਾ ਉਚਿਤ ਕਾਰਨ ਹੋਣ ਤੇ ਵਿਚਾਰਿਆ ਜਾ ਸਕਦਾ ਹੈ।
9. ਕਾਲਜ ਦੀ ਵਿਵਸਥਾ ਨੂੰ ਧਿਆਨ ਵਿੱਚ ਰੱਖਦੇ ਹੋਏ, ਪ੍ਰਿੰਸੀਪਲ ਸਾਹਿਬ ਵੱਲੋਂ ਕਿਸੇ ਵੀ ਦਾਖਲੇ ਜਾਂ ਮੁੜ-ਦਾਖਲੇ ਤੋਂ ਨਾਂਹ ਕੀਤੀ ਜਾ ਸਕਦੀ ਹੈ ਅਤੇ ਕਿਸੇ ਵੀ ਗੁੰਝਲਦਾਰ ਕੇਸ ਵਿੱਚ ਪ੍ਰਿੰਸੀਪਲ ਸਾਹਿਬ ਦਾ ਫ਼ੈਸਲਾ ਅੰਤਿਮ ਹੋਵੇਗਾ।
10. ਹਰ ਦਾਖਲ ਹੋ ਚੁੱਕੇ ਵਿਦਿਆਰਥੀ ਲਈ ਕਾਲਜ ਦੇ ਨਿਯਮਾਂ ਅਤੇ ਅਨੁਸ਼ਾਸਨ ਦੀ ਪਾਲਣਾ ਕਰਨੀ ਲਾਜ਼ਮੀ ਹੋਵੇਗੀ। ਉਲੰਘਣਾ ਕਰਨ ਵਾਲੇ ਵਿਦਿਆਰਥੀ ਦਾ ਦਾਖਲਾ ਪ੍ਰਿੰਸੀਪਲ ਵੱਲੋਂ ਕਿਸੇ ਵੀ ਸਮੇਂ ਖਾਰਿਜ਼ ਕੀਤਾ ਜਾ ਸਕਦਾ ਹੈ।
11. ਸਾਰੀਆਂ ਐਂਟਰੀ ਕਲਾਸਾਂ ਵਿੱਚ ਦਾਖਲਾ ਨਿਰੋਲ ਮੈਰਿਟ ਤੇ ਸੀਟਾਂ ਦੀ ਗਿਣਤੀ ਅਨੁਸਾਰ ਕੀਤਾ ਜਾਵੇਗਾ।
12. ਹਰ ਵਿਦਿਆਰਥੀ ਲਈ ਵੱਖ-ਵੱਖ ਫੈਕਲਟੀਆਂ (ਮੈਡੀਕਲ/ਨਾਨ-ਮੈਡੀਕਲ/ਕਮਰਸ/ਆਰਟਸ/ਖੇਤੀਬਾੜੀ ਆਦਿ) ਲਈ ਵੱਖੋ ਵੱਖਰੇ ਫਾਰਮ ਭਰਨੇ ਜ਼ਰੂਰੀ ਹਨ।
13. ਦਾਖਲੇ ਬਾਰੇ ਕੋਈ ਵੀ ਤਬਦੀਲੀ ਸਬੰਧੀ ਲੋੜੀਂਦੀ ਸੂਚਨਾ ਕੇਵਲ ਕਾਲਜ ਦੇ ਨੋਟਿਸ ਬੋਰਡ ਤੇ ਵੈਬਸਾਈਟ 'ਤੇ ਹੀ ਲਗਾਈ ਜਾਵੇਗੀ।
14. ਕਿਸੇ ਕਲਾਸ ਵਿੱਚ ਦਾਖਲ ਹੋਇਆ ਵਿਦਿਆਰਥੀ, ਕੋਰਸ ਦੀ ਮਿਆਦ ਦੌਰਾਨ ਕਿਸੇ ਹੋਰ ਸੰਸਥਾ ਵਿੱਚ ਦਾਖਲ ਨਹੀਂ ਹੋ ਸਕਦਾ ਅਤੇ ਨਾ ਹੀ ਕਿਤੇ ਨੌਕਰੀ ਕਰ ਸਕਦਾ ਹੈ। ਅਜਿਹਾ ਕਰਨ ਵਾਲੇ ਵਿਦਿਆਰਥੀ ਦਾ ਦਾਖਲਾ ਰੱਦ ਕੀਤਾ ਜਾ ਸਕਦਾ ਹੈ।

## (ਵਜ਼ੀਫ਼ੇ/ਸਕਾਲਰਸ਼ਿਪ)

## ਵਿਦਿਆਰਥੀ ਕਿਸੇ ਵੀ ਇੱਕ ਸਕਾਲਰਸ਼ਿਪ ਸਕੀਮ ਲਈ ਹੀ ਅਪਲਾਈ ਕਰ ਸਕਦਾ ਹੈ।

## ਸੈਂਟਰਲ ਸੈਕਟਰ ਸਕੀਮ ਆਫ਼ ਸਕਾਲਰਸ਼ਿਪ ਫ਼ਾਰ ਕਾਲਜ ਅਤੇ ਯੂਨੀਵਰਸਿਟੀ ਸਟੂਡੈਂਟ (CSSS)

ਭਾਰਤ ਵੱਲੋਂ ਇਹ ਸਕੀਮ ਘੱਟ ਆਮਦਨ ਵਰਗ ਦੇ ਵਿਦਿਆਰਥੀਆਂ ਲਈ ਚਲਾਈ ਗਈ ਹੈ। ਇਹ ਸਕੀਮ ਜਨਰਲ ਕੈਟਾਗਿਰੀ ਦੇ ਉਹਨਾਂ ਵਿਦਿਆਰਥੀਆਂ ਲਈ ਹੈ ਜਿਨ੍ਹਾਂ ਨੇ 10+2 ਕਲਾਸ ਵਿੱਚੋਂ 80% ਤੋਂ ਉੱਪਰ ਅੰਕ ਪ੍ਰਾਪਤ ਕੀਤੇ ਹੋਣ। ਇਹ ਸਕੀਮ ਦਾ ਲਾਭ ਰੈਗੂਲਰ ਕੋਰਸ ਵਿੱਚ ਪੜ੍ਹਨ ਵਾਲੇ ਵਿਦਿਆਰਥੀ ਲੈ ਸਕਦੇ ਹਨ Correspondence Course/Distance Education ਆਦਿ ਲਈ ਇਹ ਸਕੀਮ ਨਹੀਂ ਹੈ। ਇਸ ਸਕੀਮ ਤਹਿਤ ਡਿਪਲੋਮਾ ਕੋਰਸ ਕਰਨ ਵਾਲੇ ਵਿਦਿਆਰਥੀ ਕਵਰ ਨਹੀਂ ਹੁੰਦੇ। ਪਰਿਵਾਰਿਕ ਆਮਦਨ 8 ਲੱਖ (ਪ੍ਰਤੀ ਸਾਲ) ਤੋਂ ਘੱਟ ਹੋਣੀ ਚਾਹੀਦੀ ਹੈ। ਵਿਦਿਆਰਥੀ, ਕੋਈ ਹੋਰ ਸਕਾਲਰਸ਼ਿਪ ਨਾ ਲੈ ਰਹੇ ਹੋਣ।

# MINORITY COMMUNITY SCHOLARSHIP SCHEME

ਡਾਇਰੈਕਟਰ ਆਫ਼ ਹਾਇਰ ਐਜੂਕੇਸ਼ਨ ਚੰਡੀਗੜ੍ਹ ਪ੍ਰਸ਼ਾਸਨ ਦੇ ਪੱਤਰ ਨੰ. **DHE-UT-C6-4(03)8VI** ਮਿਤੀ: **26-08-2020** ਦੇ ਹਵਾਲੇ ਵਿੱਚ ਡਾਇਰੈਕਟਰ, ਸਿੱਖਿਆ ਵਿਭਾਗ (ਕਾਲਜਾਂ) ਪੰਜਾਬ, ਮੋਹਾਲੀ ਦੇ ਮੀਮੋ ਨੰ. **10/16-2020** ਸਕਾ- **303/466** ਮਿਤੀ: **30-09-2020** ਅਨੁਸਾਰ **Ministry of Minority Affairs** ਵੱਲੋਂ 6 ਘੱਟ ਗਿਣਤੀ ਭਾਈਚਾਰਿਆਂ **(Jain, Buddhist, Sikh, Parsis (Zoroastrian), Muslim and Christian)** ਦੇ ਯੋਗ ਵਿਦਿਆਰਥੀ, ਇਸ ਸਕੀਮ ਦਾ ਲਾਭ ਉਠਾ ਸਕਦੇ ਹਨ।

## ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ

ਭਾਰਤ ਸਰਕਾਰ ਦੀ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਪੰਜਾਬ ਰਾਜ ਦੇ ਪੱਕੇ ਵਸਨੀਕ, ਅਨੁਸੂਚਿਤ ਜਾਤੀਆਂ ਨਾਲ ਸੰਬੰਧਤ ਵਿਦਿਆਰਥੀ, ਜੋ ਭਾਰਤ ਦੇ ਕਿਸੇ ਹਿੱਸੇ ਵਿੱਚ ਪੋਸਟ ਮੈਟ੍ਰਿਕ ਸੈਕੰਡਰੀ ਸਟੇਜ ਤੇ ਸਿੱਖਿਆ ਪ੍ਰਾਪਤ ਕਰ ਰਹੇ ਹੋਣ, ਇਸ ਸਕੀਮ ਅਧੀਨ ਵਜ਼ੀਫ਼ੇ ਪ੍ਰਾਪਤ ਕਰ ਸਕਦੇ ਹਨ ਬਸ਼ਰਤੇ ਕਿ ਉਸਦੇ ਪਰਿਵਾਰ ਦੇ ਸਾਰੇ ਵਸੀਲਿਆਂ ਤੋਂ ਸਲਾਨਾ ਆਮਦਨ 2,50,000/- ਰੁਪੈ ਤੋਂ ਵੱਧ ਨਾ ਹੋਵੇ। ਇਹ ਵਿਦਿਆਰਥੀ ਕਾਲਜ ਵਿੱਚ ਦਾਖਲੇ ਸਮੇਂ ਆਪਣੇ ਮਾਤਾ/ਪਿਤਾ/ਸਰਪ੍ਰਸਤ ਪਾਸੋਂ ਨੋਟਰੀ ਦੁਆਰਾ ਤਸਦੀਕ ਸ਼ੁਦਾ ਹਲਫੀਆ ਬਿਆਨ ਦੇਣਗੇ । (ਨਮੂਨਾ ਹੇਠਾਂ ਦਿੱਤਾ ਗਿਆ ਹੈ) ਅਤੇ ਹਲਫੀਆ ਬਿਆਨ ਅਨੁਸਾਰ ਲਾਗੂ ਆਮਦਨ ਸਰਟੀਫ਼ਿਕੇਟ ਵੀ ਦੇਣਗੇ । (ਨਮੂਨਾ ਹੇਠਾਂ ਦਿੱਤਾ ਗਿਆ ਹੈ) ਵਜੀਫਾ ਫਾਰਮ ਨਾ ਭਰਨ ਦੀ ਸੂਰਤ ਵਿੱਚ ਉਹਨਾਂ ਦਾ ਦਾਖਲਾ ਇਸ ਸਕੀਮ ਅਧੀਨ ਨਹੀਂ ਕੀਤਾ ਜਾਵੇਗਾ ਅਤੇ ਜੇਕਰ ਵਜੀਫਾ ਨਹੀਂ ਲੈਣਾ ਜਾਂ ਵਜੀਫੇ ਲਈ ਅਯੋਗ ਹੋਣ ਤਾਂ ਇਸ ਬਾਰੇ ਪੂਰੀ ਸੂਚਨਾ ਦਫ਼ਤਰ ਵਿੱਚ ਲਿਖਤੀ ਰੂਪ ਵਿੱਚ ਦਾਖਲੇ ਸਮੇਂ ਦੇਣਗੇ ।

ਇਸ ਸਕੀਮ ਅਧੀਨ ਸਾਲ 2008-09 ਤੋਂ ਯੋਗ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਜਿੰਨ੍ਹਾਂ ਦੇ ਮਾਪਿਆਂ/ਸਰਪ੍ਰਸਤਾਂ ਦੀ ਸਲਾਨਾ ਆਮਦਨ 2,50,000 ਰੁਪਏ ਤੋਂ ਵੱਧ ਨਾ ਹੋਵੇ, ਤੋਂ ਟਿਊਸ਼ਨ ਫੀਸ ਅਤੇ ਨਾਨ-ਰਿਫੰਡਏਬਲ ਕੰਪਲਸਰੀ ਫੀਸਾਂ ਜੋ ਕਿ ਪੋਸਟ ਮੈਟ੍ਰਿਕ ਸਕਾਲਰਸ਼ਿਪ ਤਹਿਤ ਕਵਰ ਹੁੰਦੀਆਂ ਹਨ ਨਹੀਂ ਲਈ ਜਾਣਗੀਆਂ

(ਹਵਾਲਾ : ਸਯੁੰਕਤ ਸਕੱਤਰ (ਪੰਜਾਰ ਸਰਕਾਰ), ਭਲਾਈ ਵਿਭਾਗ (ਭਲਾਈ ਸੈਲ ਨਾਨ-ਪਲਾਨ) ਦਾ ਦਫ਼ਤਰ ਦੇ ਪੱਤਰ ਨੰ. 3/74/07-ਐਸ.ਏ-11/2244-2249 ਮਿਤੀ ਚੰਡੀਗੜ੍ਹ 11-07-2007)

ਇਹ ਲਾਭ ਪ੍ਰਾਪਤ ਕਰਨ ਲਈ ਸਵੈ-ਰੋਜ਼ਗਾਰ, ਮਾਤਾ-ਪਿਤਾ/ਸਰਪ੍ਰਸਤ ਨੂੰ ਆਮਦਨ ਸਰਟੀਫ਼ਿਕੇਟ ਜੋ ਕਿ ਅਗਜੈਕਟਿਵ ਮੈਜਿਸਟ੍ਰੇਟ ਤੋਂ ਜਾਰੀ ਕੀਤਾ ਹੋਵੇ, ਦੇਣਾ ਹੋਵੇਗਾ ਕਿ ਉਹਨਾਂ ਦੀ ਸਾਰੇ ਸਾਧਨਾਂ ਤੋਂ ਕੁੱਲ ਸਲਾਨਾ ਆਮਦਨ 2,50,000/- ਰੁਪਏ ਤੋਂ ਵੱਧ ਨਹੀਂ ਹੈ । ਨੌਕਰੀ ਕਰ ਰਹੇ ਮਾਤਾ-ਪਿਤਾ/ਸਰਪ੍ਰਸਤ ਨੂੰ ਆਪਣੇ ਇੰਪਲਾਇਅਰ ਤੋਂ ਸਾਲ 2021-22 ਦੌਰਾਨ ਸਲਾਨਾ ਆਮਦਨ ਦਾ ਸਰਟੀਫ਼ਿਕੇਟ ਦੇਣਾ ਹੋਵੇਗਾ ਅਤੇ ਬਾਕੀ ਸਾਧਨਾਂ ਤੋਂ ਹੋਰ ਆਮਦਨ ਲਈ ਆਮਦਨ ਸਰਟੀਫਿਕੇਟ ਦੇਣਾ ਹੋਵੇਗਾ । ਪੰਜਾਬ ਸਰਕਾਰ ਦੇ ਪੱਤਰ 17/11962-65 ਮਿਤੀ 13-6-2013 ਤੋਂ ਉਪਰੋਕਤ ਸਕੀਮ ਤਹਿਤ ਆਮਦਨ ਦੀ ਹੱਦ 2 ਲੱਖ ਤੋਂ 2.50 ਲੱਖ ਰੁਪਏ ਸਲਾਨਾ ਕਰ ਦਿੱਤੀ ਗਈ ਹੈ ।

## ਸਵੈ-ਘੋਸ਼ਣਾ

### (ਐਸ.ਸੀ. ਵਿਦਿਆਰਥੀਆਂ ਪਾਸ ਕਾਲਜ ਅਤੇ ਯੂਨੀਵਰਸਿਟੀ ਦੀਆਂ ਫੀਸਾਂ ਜਮ੍ਹਾਂ ਕਰਵਾਉਣ ਸਬੰਧੀ।

ਮੈਂ.................................................ਸਪੁੱਤਰ/ਸਪੁੱਤਰੀ/ਪਤਨੀ................................

ਵਾਸੀ.........................................................ਦਾ/ਦੀ ਰਹਿਣ ਵਾਲਾ/ਵਾਲੀ ਹਾਂ ਅਤੇ ਹੇਠ ਲਿਖੀ

## ਸਵੈ-ਘੋਸ਼ਣਾ

ਕਰਦਾ/ਕਰਦੀ ਹਾਂ ਕਿ:-

1. ਇਹ ਕਿ ਮੈਂ ਵਿਦਿਅਕ ਸੈਸ਼ਨ 2022-23 ਦੌਰਾਨ ਸਰਕਾਰੀ ਬ੍ਰਿਜਿੰਦਰਾ ਕਾਲਜ ਫ਼ਰੀਦਕੋਟ ਵਿੱਚ ਕਲਾਸ........................................ਰੋਲ ਨੰਬਰ..........................ਅਧੀਨ ਦਾਖਲਾ ਲਿਆ ਹੈ।
2. ਇਹ ਕਿ ਮੈਂ ਡਾ. ਅੰਬੇਡਕਰ ਸਕਾਲਰਸ਼ਿਪ ਪੋਰਟਲ 'ਤੇ ਐਸ.ਸੀ. ਸਕਾਲਰਸ਼ਿਪ ਲਈ ਅਪਲਾਈ ਕਰਾਂਗਾ/ਕਰਾਂਗੀ ਅਤੇ ਸਮੇਂ-ਸਮੇਂ 'ਤੇ ਕਾਲਜ ਵੱਲੋਂ ਲਗਾਈਆਂ ਗਈਆਂ ਤਰੁੱਟੀਆਂ/ਦੋਸ਼ ਦੂਰ ਕਰਨ ਉਪਰੰਤ ਆਪਣਾ ਸਕਾਲਰਸ਼ਿਪ ਕਲੇਮ ਪਾਸ ਕਰਾਵਾਂਗਾ/ਕਰਾਵਾਂਗੀ।
3. ਇਹ ਕਿ ਜਦੋਂ ਵੀ ਸਰਕਾਰ ਅਨੁਸਾਰ ਸਕਾਲਰਸ਼ਿਪ ਰਾਸ਼ੀ ਮੇਰੇ ਬੈਂਕ ਖਾਤੇ ਵਿੱਚ ਟਰਾਂਸਫਰ ਹੋਵੇਗੀ ਤਾਂ ਮੈਂ 7 ਦਿਨਾਂ ਦੇ ਅੰਦਰ-ਅੰਦਰ ਕਾਲਜ ਦੀ ਬਣਦੀ ਬਕਾਇਆ ਫੀਸ (ਕਾਲਜ ਅਤੇ ਯੂਨੀਵਰਸਿਟੀ ਦੀ ਫੀਸ) ਜਮ੍ਹਾਂ ਕਰਵਾਉਣ ਦਾ/ਦੀ ਪਾਬੰਦ ਹੋਵਾਂਗਾ/ਹੋਵਾਂਗੀ।
4. ਇਹ ਕਿ ਜੇਕਰ ਮੇਰੇ ਵੱਲੋਂ ਸਕਾਲਰਸ਼ਿਪ ਰਾਸ਼ੀ ਮੇਰੇ ਬੈਂਕ ਖਾਤੇ ਵਿੱਚ ਟਰਾਂਸਫਰ ਹੋਵੇਗੀ ਤਾਂ ਮੈਂ 7 ਦਿਨਾਂ ਦੇ ਅੰਦਰ-ਅੰਦਰ ਮੇਰੇ ਵੱਲੋਂ ਫੀਸ ਨਾ ਜਮ੍ਹਾਂ ਕਰਵਾਏ ਜਾਣ ਦੀ ਸੂਰਤ ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਨਤੀਜੇ ਨਾ ਘੋਸ਼ਿਤ ਕੀਤੇ ਜਾਣ ਦੀ ਸੂਰਤ ਵਿੱਚ ਜਾਂ ਜੁਰਮਾਨਾ ਲਗਾਏ ਜਾਣ 'ਤੇ ਮੈਂ ਨਿੱਜੀ ਤੌਰ 'ਤੇ ਜਿੰਮੇਵਾਰ ਹੋਵਾਂਗਾ/ਹੋਵਾਂਗੀ।

ਮਾਤਾ-ਪਿਤਾ/ਸਰਪ੍ਰਸਤ ਦੇ ਹਸਤਾਖਰ ............................... ਵਿਦਿਆਰਥੀ ਦੇ ਦਸਤਖਤ ...............................

ਨਾਮ ............................................................. ਨਾਮ .......................................................

ਮੋਬਾਇਲ ਨੰ. ....................................................... ਮੋਬਾਇਲ ਨੰ. ................................................

ਮਿਤੀ .....................................

# ਹਲਫੀਆ ਬਿਆਨ

ਮੈਂ........................................ ਪੁੱਤਰ/ਪੁੱਤਰੀ/ਪਤਨੀ/ਵਿਧਵਾ ਸ੍ਰੀ........................ ਵਾਸੀ .................................... ਤਹਿਸੀਲ..................... ਜ਼ਿਲ੍ਹਾ................ ਸੱਚੇ ਦਿਲੋਂ ਹਲਫੀਆ ਬਿਆਨ ਕਰਦਾ/ਕਰਦੀ ਹਾਂ।

1. ਇਹ ਕਿ ਮੇਰੇ/ਮੇਰੀ ਪੁੱਤਰ/ਪੁੱਤਰੀ/ਮਿਸਟਰ/ਮਿਸ............................ ਨੇ (ਪਾਸ ਕੀਤੀ ਕਲਾਸ ਦਾ ਨਾਂ.................. ਕਲਾਸ ਸੈਸ਼ਨ..................... ਦੌਰਾਨ ਪਾਸ ਕੀਤੀ ਹੈ,
   ਸਰਟੀਫ਼ਿਕੇਟ/ਨੰਬਰ ਕਾਰਡ ਦੀ ਫੋਟੋ ਕਾਪੀ ਨੱਥੀ ਹੈ, ਹੁਣ ਉਸਨੇ (ਕਾਲਜ/ਸੰਸਥਾ ਦਾ ਨਾਂ) ............................ ਵਿਖੇ ਸੈਸ਼ਨ................ ਦੋਰਾਨ ਰੋਲ ਨੰ:........................ ਮਿਤੀ............................ ਰਾਹੀਂ...................... ਕਲਾਸ ਵਿੱਚ ਦਾਖਲਾ ਲਿਆ।
2. ਇਹ ਕਿ ਮੈਂ......................... ਜਾਤੀ ਨਾਲ ਸਬੰਧਤ ਹਾਂ, ਜੋ ਕਿ ਭਾਰਤ ਸਰਕਾਰ ਵੱਲੋਂ ਐਸ.ਸੀ. ਕੈਟੇਗਰੀ ਵਿੱਚ ਸ਼ਾਮਲ ਕੀਤੀ ਗਈ ਹੈ। ਮੈਂ ਆਪਣੇ ਪੁੱਤਰੀ/ਪੁੱਤਰ ਦੇ ਜਾਤੀ ਸਰਟੀਫ਼ਿਕੇਟ ਦੀ ਤਸਦੀਕਸੁਦਾ ਕਾਪੀ ਨਾਲ ਨੱਕੀ ਕਰ ਰਿਹਾ/ਰਹੀ ਹਾਂ, ਜੋ ਕਿ ਸਹੀ ਹੈ।
3. ਇਹ ਕਿ ਮੈਂ ਸਰਕਾਰੀ ਨੌਕਰੀ ਕਰਦਾ/ਕਰਦੀ ਹਾਂ/ਨਹੀਂ ਕਰਦਾ/ਕਰਦੀ ਹਾਂ, ਮੇਰੀ ਪੋਸਟ ਦਾ ਨਾਂ......................... ਹੈ ਇਹ ਪੋਸਟ ਦਾ ਪੇ ਬੈਂਡ......................ਹੈ। ਮੇਰੀ ਸਾਰੇ ਸੋਮਿਆਂ ਤੋਂ ਸਾਲਾਨਾ ਆਮਦਨ...................(ਸ਼ਬਦਾਂ ਵਿੱਚ ਹੈ ਜੋ ਕਿ 2.50 ਲੱਖ ਰੁਪਏ ਤੋਂ ਘੱਟ ਹੈ। ਮੈਂ ਆਪਣੇ ਡੀ.ਡੀ.ਓ ਵੱਲੋਂ ਜਾਰੀ ਸਾਲ 2021-22 ਦੀ ਕੁੱਲ ਸਾਲਾਨਾ ਆਮਦਨ ਸਬੰਧੀ ਸਰਟੀਫ਼ਿਕੇਟ ਦੀ ਤਸਦੀਕਸ਼ੁਦਾ ਕਾਪੀ ਨਾਲ ਨੱਥੀ ਕਰ ਰਿਹਾ ਹਾਂ। ਮੈਂ ਆਪਣੇ ਪੁੱਤਰ/ਪੁੱਤਰੀ ਦੀ ਫੀਸ ਮੁਆਫ਼ ਕਰਵਾਉਣਾ ਚਾਹੁੰਦਾ/ਚਾਹੁੰਦੀ ਹਾਂ।
4. ਇਹ ਕਿ ਮੈਂ ਸਰਕਾਰੀ ਨੌਕਰੀ ਨਹੀਂ ਕਰਦਾ/ਕਰਦੀ ਹਾਂ, ਮੇਰੀ ਸਾਰਿਆਂ ਸੋਮਿਆਂ ਤੋਂ ਸਾਲਾਨਾ ਆਮਦਨ...................(ਸ਼ਬਦਾਂ ਵਿੱਚ..................................) ਹੈ ਜੋ ਕਿ 2.50 ਲੱਖ ਰੁਪਏ ਤੋਂ ਘੱਟ ਹੈ। ਮੈਂ ਤਹਿਸੀਲਦਾਰ ਵੱਲੋਂ ਜਾਰੀ ਸਾਲ 2021-22 ਦੀ ਕੁੱਲ ਸਾਲਾਨਾ ਆਮਦਨ ਸਬੰਧੀ ਸਰਟੀਫ਼ਿਕੇਟ ਦੀ ਤਸਦੀਕਸ਼ੁਦਾ ਕਾਪੀ ਨਾਲ ਨੱਥੀ ਕਰ ਰਿਹਾ/ਰਹੀ ਹਾਂ।
5. ਇਹ ਕਿ ਮੇਰਾ ਪੁੱਤਰ/ਪੁੱਤਰੀ ਪੋਸਟ ਸਕਾਲਰਸ਼ਿਪ ਟੂ ਐਸ ਸੀ ਸਕੀਮ ਅਧੀਨ ਆਨ-ਲਾਈਨ ਅਪਲਾਈ ਕਰਾਂਗਾ/ਕਰਾਂਗੀ। (ਮੇਰੇ ਪੁੱਤਰ/ਪੁੱਤਰੀ ਦਾ ਸਕਾਲਰਸ਼ਿਪ ਫਾਰਮ ਸਾਡੀ ਅਣਗਹਿਲੀ ਕਾਰਨ ਰੱਦ ਹੋਣ ਦੀ ਹਾਲਤ ਵਿੱਚ ਮੈਂ ਪੂਰੀ ਫੀਸ ਭਰਨ ਦੀ ਜਿੰਮੇਵਾਰੀ ਲੈਂਦਾ/ਲੈਂਦੀ ਹਾਂ। ਮੇਰੇ ਪੁੱਤਰ/ਪੁੱਤਰੀ ਨੇ ਕਿਸੇ ਹੋਰ ਸਕਾਲਰਸ਼ਿਪ ਲਈ ਬਿਨੈ ਪੱਤਰ ਨਹੀਂ ਦਿੱਤਾ ਹੈ/ਨਾ ਹੀ ਦੇਵਾਂਗਾ ਅਤੇ ਉਹ ਕੋਈ ਵੀ ਹੋਰ ਸਕਾਲਰਸ਼ਿਪ ਨਹੀਂ ਲੈ ਰਿਹਾ/ਰਹੀ ਹੈ।
6. ਇਹ ਕਿ ਮੈਂ ਮੇਰਾ ਉਕਤ ਬਿਆਨ ਗਲਤ ਹੋਣ ਦੀ ਹਾਲਤ ਵਿੱਚ ਨਿਯਮਾਂ ਅਧੀਨ ਮੇਰੇ ਵਿਰੁੱਧ ਕਾਰਵਾਈ ਕਰਨ 'ਤੇ ਮੈਨੂੰ ਇਤਰਾਜ ਨਹੀਂ ਹੋਵੇਗਾ।

(..........................)

ਬਿਆਨ ਕਰਤਾ

ਉਕਤ ਬਿਆਨ ਮੇਰੇ ਵੱਲੋਂ ਦਿੱਤਾ ਗਿਆ ਹਲਫੀਆ ਬਿਲਕੁੱਲ ਸਹੀ ਅਤੇ ਦਰੁਸਤ ਹੈ। ਇਸ ਵਿੱਚ ਕੋਈ ਗੱਲ ਲੁਕਾ ਛੁਪਾ ਕੇ ਨਹੀ ਰੱਖੀ ਗਈ।

ਮਿਤੀ...................................

ਨੋਟ: ਇਹ ਹਲਫੀਆ ਬਿਆਨ ਨੋਟਰੀ ਤੋਂ ਤਸਦੀਕਸ਼ੁਦਾ ਹੋਣਾ ਚਾਹੀਦਾ ਹੈ।

ਬਿਆਨ ਕਰਤਾ

ਇਹ ਹਲਫੀਆ ਬਿਆਨ ਐਂਟਰੀ ਕਲਾਸਾਂ ਨੂੰ ਛੱਡ ਕੇ ਸਾਰੀਆਂ ਕਲਾਸਾਂ ਲਈ ਹੈ।

# ਹੋਰ ਪਛੜੀਆਂ (O.B.C.) ਵਿਦਿਆਰਥੀਆਂ ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ

ਪੱਛੜੀਆਂ ਸ਼੍ਰੇਣੀਆਂ ਦੇ ਉਹ ਵਿਦਿਆਰਥੀ ਜੋ ਪੰਜਾਬ ਰਾਜ ਦੇ ਪੱਕੇ ਵਸਨੀਕ ਹੋਣ ਅਤੇ ਪੰਜਾਬ ਸਰਕਾਰ ਵੱਲੋਂ ਨੋਟੀਫਾਈਡ ਕੀਤੇ ਹੋਣ ਨੂੰ ਸਕੀਮ ਅਧੀਨ ਸਕਾਲਰਸ਼ਿਪ ਦਿੱਤਾ ਜਾਂਦਾ ਹੈ। ਅਜਿਹੇ ਵਿਦਿਆਰਥੀਆਂ ਅਤੇ ਮਾਤਾ-ਪਿਤਾ/ਗਾਰਡੀਅਨ ਦੀ ਸਾਰੇ ਸੋਮਿਆਂ ਤੋਂ ਸਲਾਨਾ ਆਮਦਨ 100000 (ਇਕ ਲੱਖ ਰੁਪਏ) ਤੋਂ ਵਧ ਨਾ ਹੋਵੇ।

### ਐਸ.ਸੀ./ਬੀ.ਸੀ. ਸ਼੍ਰੇਣੀ ਦੇ ਯੋਗ ਵਿਦਿਆਰਥੀ ਵਜ਼ੀਫ਼ਾ ਫਾਰਮ ਭਰਨ ਸਮੇਂ ਹੇਠ ਲਿਖੀਆਂ ਗੱਲ੍ਹਾਂ ਦਾ ਧਿਆਨ ਰੱਖਣ :-

1. ਵਜ਼ੀਫ਼ਾ ਫਾਰਮ ਵਿੱਚ ਸਬੰਧਤ ਬੈਂਕ ਦਾ ਨਾਮ, ਆਈ.ਐਫ.ਐਸ.ਸੀ. ਕੋਡ, ਵਿਦਿਆਰਥੀਆਂ ਦੇ ਆਨ ਲਾਈਨ ਬੈਂਕ ਦਾ ਪੂਰਾ ਖਾਤਾ ਨੰਬਰ ਅਤੇ ਆਧਾਰ ਕਾਰਡ ਦਾ ਨੰਬਰ ਦਿੱਤਾ ਹੋਵੇ।
2. ਇਨ੍ਹਾਂ ਦਸਤਾਵੇਜ਼ਾਂ ਦੀ ਇੱਕ ਕਾਪੀ ਕਾਲਜ ਵਿੱਚ ਵੀ ਜਮ੍ਹਾਂ ਕਰਵਾਈ ਜਾਵੇ।
3. ਵਿਦਿਆਰਥੀਆਂ ਨੂੰ ਵਜੀਫ਼ੇ ਦੀ ਅਦਾਇਗੀ ਉਨ੍ਹਾਂ ਦੇ ਆਨ ਲਾਈਨ ਬੈਂਕ ਖਾਤੇ ਵਿੱਚ ਕੀਤੀ ਜਾਣੀ ਹੈ। ਇਸ ਲਈ ਉਨ੍ਹਾਂ ਦਾ ਬੈਂਕ ਖਾਤਾ ਚਾਲੂ ਹਾਲਤ ਵਿੱਚ ਹੋਵੇ ਅਤੇ ਖਾਤੇ ਸੰਬੰਧੀ ਵੇਰਵੇ ਸਹੀ ਹੋਣ।
4. ਬੈਂਕ ਖਾਤੇ ਸੰਬੰਧੀ ਕਿਸੇ ਵੀ ਤਰ੍ਹਾਂ ਦੀ ਗਲਤੀ ਹੋਣ ਕਰਕੇ ਅਦਾਇਗੀ ਨਾ ਹੋਣ ਦੀ ਜ਼ਿੰਮੇਵਾਰੀ ਸੰਬੰਧਿਤ ਵਿਦਿਆਰਥੀ ਦੀ ਹੋਵੇਗੀ।

### ਵਿਦਿਆਰਥੀ ਹੇਠ ਲਿਖੇ ਅਨੁਸਾਰ Do's ਅਦੇ Don'ts ਨੂੰ ਧਿਆਨ ਵਿੱਚ ਰੱਖਣ ।

| Do's | Don'ts |
|---|---|
| Account number should be in numeric field. | Do not write any alphabet or symbols in the Account Number field. |
| I.F.S.C. Code should be of 11 digits, First 4 characters are alphabets & last 7 are numeric. | Do not write bank name along with I.F.S.C. Code, only 11 digit should be mentioned in this field. |
| Also mention complete name & the address of the Bank in the separate column. | Ensure the zero do not get deleted for the accounts starting from -0- |
| Capture the name and address of institutes in the separate column. | - |
| Please recheck the cell format while saving the file. | - |

(ਹਵਾਲਾ : ਡਾਇਰੈਕਟਰ, ਸਿੱਖਿਆ ਵਿਭਾਗ (ਕਾਲਜਾ) ਪੰਜਾਬ, ਚੰਡੀਗੜ੍ਹ (ਸਕਾਲਰਸ਼ਿਪ ਸ਼ਾਖਾ) ਦੇ ਦਫ਼ਤਰ ਦੇ ਮੀਮੋ ਨੰ. 2/6-2007 ਸਕਾਲਰਸ਼ਿਪ-1(6) ਚੰਗੀਗੜ੍ਹ ਮਿਤੀ 19-03-2013)

# ਪੇਂਡੂ ਖੇਤਰ ਦੀਆਂ ਅੰਗਹੀਣ ਲੜਕੀਆਂ ਲਈ ਵਜ਼ੀਫ਼ਾ ਸਕੀਮ

ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ, ਫ਼ਰੀਦਕੋਟ ਦੇ ਪੱਤਰ ਨੰ. 189 ਮਿਤੀ: 01-03-2012 ਅਧੀਨ ਭਾਰਤ ਸਰਕਾਰ ਵੱਲੋਂ ਪਲਾਨ ਸਕੀਮ ਸਭ 3.15 ਸਟੂਡੈਂਟ ਸਕਾਲਰਸ਼ਿਪ ਟੂ ਹੈਂਡੀਕੈਪ ਇਨ ਰੂਰਲ ਏਰੀਆ (ਏ.ਸੀ.ਏ.) ਸਕੀਮ ਅਧੀਨ ਪੇਂਡੂ ਖੇਤਰ ਦੀਆਂ ਅੰਗਹੀਣ ਵਿਦਿਆਰਥਣਾਂ ਨੂੰ 1,500/-ਰੁਪੈ ਅਤੇ 1,500/-ਰੁਪੈ ਕਿਤਾਬਾਂ ਦੇਣ ਲਈ ਦਿੱਤੇ ਜਾਂਦੇ ਹਨ। ਇਸ ਸਕੀਮ ਲਈ ਕਲੇਮ ਕਰਨ ਵਾਲੀਆਂ ਵਿਦਿਆਰਥਣਾਂ ਦੀ ਅਪੰਗਤਾ 40% ਤੋਂ ਵੱਧ ਅਤੇ ਮਾਤਾ-ਪਿਤਾ ਦੀ ਸਲਾਨਾ ਆਮਦਨ 60,000/-ਰੁਪੈ ਤੋਂ ਵੱਧ ਨਾ ਹੋਵੇ।

### 'ਇੰਦਰਾ ਗਾਂਧੀ ਪੀ.ਜੀ. ਸਕਾਲਰਸ਼ਿਪ ਫਾਰ ਸਿੰਗਲ ਗਰਲ ਚਾਈਲਡ' ਵਜ਼ੀਫ਼ਾ ਸਕੀਮ

ਯੂ.ਜੀ.ਸੀ. ਦੇ ਪੱਤਰ ਨੰ. ਐਫ਼ 8-94/2008 (ਐਸ.ਏ.-3) ਮਿਤੀ: 30-09-2009 ਅਨੁਸਾਰ- 'ਇੰਦਰਾ ਗਾਂਧੀ ਪੀ.ਜੀ.

ਸਕਾਲਰਸ਼ਿਪ ਫਾਰ ਸਿੰਗਲ ਗਰਲ ਚਾਈਲਡ' ਦੇ ਆਧਾਰ 'ਤੇ ਕੇਵਲ ਪੀ.ਜੀ. (ਨਾਨ-ਪ੍ਰੋਫੈਸ਼ਨਲ) ਕੋਰਸ (ਪਹਿਲਾ ਸਾਲ) ਪੜ੍ਹਨ ਵਾਲੀ ਇੱਕਲੀ ਲੜਕੀ ਜੋ ਕਿ ਪਰਿਵਾਰ ਦਾ ਇਕੋ ਹੀ ਬੱਚਾ ਹੋਵੇ ਦੀ ਟਿਊਸ਼ਨ ਫੀਸ ਨਹੀਂ ਲਈ ਜਾਵੇਗੀ ਅਤੇ ਸਕਾਲਰਸ਼ਿਪ ਦੀ ਰਕਮ 2,000/-ਰੁਪੈ ਪ੍ਰਤੀ ਮਹੀਨਾ ਦੋ ਸਾਲਾਂ ਲਈ (ਸਾਲ ਵਿੱਚ ਕੇਵਲ 10 ਮਹੀਨੇ) ਹੋਵੇਗੀ।

## ਘੱਟ ਗਿਣਤੀ ਸਮੁਦਾਏ ਦੇ ਵਿਦਿਆਰਥੀਆਂ ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ

ਇਸ ਸਕੀਮ ਅਧੀਨ 2008-09 ਤੋਂ ਯੋਗ ਘੱਟ ਗਿਣਤੀ ਸਮੁਦਾਏ (ਸਿੱਖ, ਮੁਸਲਿਮ, ਇਸਾਈ, ਬੋਧੀ, ਜੈਨ ਅਤੇ ਪਾਰਸੀ) ਨਾਲ ਸੰਬੰਧਤ ਵਿਦਿਆਰਥੀਆਂ ਨੂੰ ਜਿੰਨ੍ਹਾਂ ਦੇ ਮਾਪਿਆਂ/ਸਰਪ੍ਰਸਤਾਂ ਦੀ ਸਲਾਨਾ ਆਮਦਨ 2,00,000/-ਰੁਪੈ ਤੋਂ ਵੱਧ ਨਾ ਹੋਵੇ ਅਤੇ ਵਿਦਿਆਰਥੀ ਵੱਲੋਂ ਪੂਰਬਲੇ ਸਾਲ ਦੌਰਾਨ ਫਾਈਨਲ ਇਮਤਿਹਾਨ ਵਿੱਚ ਘੱਟੋ-ਘੱਟ 50% ਅੰਕ ਪ੍ਰਾਪਤ ਕੀਤੇ ਹੋਣ ਨੂੰ ਲਾਭ ਦਿੱਤਾ ਜਾਣਾ ਹੈ। ਇਸ ਸਕੀਮ ਅਧੀਨ ਇਕ ਪ੍ਰੀਵਾਰ ਦੇ ਦੋ ਬੱਚਿਆਂ ਤੱਕ ਲਾਭ ਦਿੱਤਾ ਜਾਂਦਾ ਹੈ। ਇਸ ਲਈ ਇਸ ਅਧੀਨ ਕਵਰ ਹੁੰਦੇ ਯੋਗ ਵਿਦਿਆਰਥੀ ਦਾਖਲ ਹੋਣ ਉਪਰੰਤ ਵਜ਼ੀਫ਼ਾ ਕਲਰਕ ਨਾਲ ਸੰਪਰਕ ਕਰਨ।

(ਹਵਾਲਾ : ਡਾਇਰੈਕਟਰ, ਸਿੱਖਿਆ ਵਿਭਾਗ (ਕਾਲਜਾਂ) ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ. 1126-2/9-2007 ਸਕਾ,(8) ਮਿਤੀ: 30-02-2008,

(ਵਜੀਫੇ ਲਈ www.momascholarship.gov.in ਤੇ ਆਨਲਾਈਨ ਅਪਲਾਈ ਕੀਤਾ ਜਾ ਸਕਦਾ ਹੈ ਅਤੇ ਬਿਨੈ ਪੱਤਰ ਦੀ ਹਾਰਡ ਕਾਪੀ ਅਤੇ ਲੋੜੀਂਦੇ ਦਸਤਾਵੇਜ ਦਫਤਰ ਵਿੱਚ ਜਮਾਂ ਕਰਵਾਉਣੇ ਜ਼ਰੂਰੀ ਹਨ )

## ਰਜਿਸਟਰਡ ਨਿਰਮਾਣ ਕਾਮਿਆਂ ਦੇ ਬੱਚਿਆਂ ਲਈ ਸਟਾਈਪੈਂਡ ਸਕੀਮ

Punjab Building and Other Construction Workers Welfare Board ਵੱਲੋਂ ਰਜਿਸਟਰਡ ਉਸਾਰੀ ਕਾਮਿਆਂ ਦੇ ਬੱਚਿਆਂ ਨੂੰ ਪਹਿਲੀ ਕਲਾਸ ਤੋਂ ਡਿਗਰੀ ਕੋਰਸਾਂ ਤੱਕ 3000/- ਤੋਂ 7000/- ਰੁਪਏ ਸਾਲਾਨਾ ਦਾ ਸਟਾਈਪੈਂਡ ਦੇਣ ਦੀ ਸਕੀਮ ਹੈ। ਇਹ ਸਟਾਈਪੈਂਡ ਪ੍ਰਾਪਤ ਕਰਨ ਲਈ online ਅਰਜੀ ਦਿੱਤੀ ਜਾ ਸਕਦੀ ਹੈ। ਸਬੰਧਤ ਵਿਦਿਆਰਥੀ ਉਪਰੋਕਤ ਬੋਰਡ ਦੇ ਇੰਸਪੈਕਟਰ ਨਾਲ ਸੰਪਰਕ ਕਰਨ।

## ਹੋਰ ਵਜ਼ੀਫ਼ੇ

ਅਨੁਸੂਚਿਤ ਜਾਤੀ ਨਾਲ ਸੰਬੰਧਤ ਲੜਕੀਆਂ ਨੂੰ ਗ੍ਰਾਂਟ, ਘੱਟ ਆਮਦਨ ਵਜ਼ੀਫ਼ਾ ਸਕੀਮ, ਵਿਮੁਕਤ ਜਾਤੀਆਂ ਲਈ ਵਜ਼ੀਫ਼ਾ ਸਕੀਮ ਦਾ ਲਾਭ ਲੈਣ ਲਈ ਵਿਦਿਆਰਥੀ ਵਜ਼ੀਫ਼ਾ ਕਲਰਕ ਨਾਲ ਦਫ਼ਤਰ ਵਿੱਚ ਸੰਪਰਕ ਕਰ ਸਕਦੇ ਹਨ। ਵਧੇਰੇ ਜਾਣਕਾਰੀ ਲਈ ਪੰਜਾਬ ਸਰਕਾਰ ਦੀ ਵੈਬਸਾਈਟ punjabscholarship.gov.in ਦਾ ashirwad portal ਜ਼ਰੂਰ ਵੇਖਿਆ ਜਾਵੇ।

## ਪੂਅਰ ਏਡ ਫੰਡ

ਸਵ. ਸ. ਭਗਤ ਸਿੰਘ, (ਸੇਵਾ ਮੁਕਤ ਪ੍ਰਿੰਸੀਪਲ ) ਜੀ ਨੇ ਇਸ ਕਾਲਜ ਵਿੱਚ ਬਹੁਤ ਸਾਲ ਸੇਵਾ ਨਿਭਾਈ। ਉਹਨਾਂ ਦੀ ਯਾਦ ਵਿੱਚ ਉਹਨਾਂ ਦੇ ਪਰਿਵਾਰ ਵੱਲੋਂ ਕਾਲਜ ਨੂੰ 5,00,000/-ਰੁਪਏ ਦਾਨ ਕੀਤੇ ਗਏ ਹਨ। ਇਸ ਰਕਮ ਦੀ ਬੈਂਕ ਵਿੱਚ ਐਫ਼.ਡੀ. ਕਰਵਾ ਦਿੱਤੀ ਗਈ ਹੈ ਜਿਸਦੇ ਵਿਆਜ਼ ਦੀ ਰਕਮ ਗਰੀਬ ਅਤੇ ਲਾਇਕ ਵਿਦਿਆਰਥੀਆਂ ਦੀ ਸਹਾਇਤਾ ਅਤੇ ਇਨਾਮ ਦੇਣ ਲਈ ਵਰਤੀ ਜਾਂਦੀ ਹੈ। ਪ੍ਰਿੰਸੀਪਲ ਅਤੇ ਸਮੂਹ ਸਟਾਫ਼ ਉਨ੍ਹਾਂ ਦੇ ਪਰਿਵਾਰ ਦੇ ਸ਼ਲਾਘਾਯੋਗ ਕਦਮ ਲਈ ਧੰਨਵਾਦੀ ਹੈ।

ਗ਼ਰੀਬ ਅਤੇ ਲਾਇਕ ਵਿਦਿਆਰਥੀਆਂ ਨੂੰ ਕਾਲਜ ਦੇ ਪੂਅਰ-ਏਡ-ਫੰਡ ਵਿੱਚੋਂ ਵੀ ਮਾਲੀ ਸਹਾਇਤਾ ਦਿੱਤੀ ਜਾਂਦੀ ਹੈ। ਇਹ ਸਹਾਇਤਾ ਦੇਣ ਲਈ ਇੱਕ ਕਮੇਟੀ ਦਾ ਗਠਨ ਕੀਤਾ ਜਾਂਦਾ ਹੈ ਜੋ ਲਾਇਕ ਅਤੇ ਗਰੀਬ ਵਿਦਿਆਰਥੀਆਂ ਦੀ ਚੋਣ ਕਰੇਗੀ। ਵਿਦਿਆਰਥੀ ਇਸ ਫੰਡ ਵਿੱਚੋਂ ਸਹਾਇਤਾ ਲੈਣ ਲਈ ਅਰਜ਼ੀ ਦੇਣਗੇ। ਇਸ ਸਬੰਧ ਵਿੱਚ ਕਾਲਜ ਦੇ ਨੋਟਿਸ ਬੋਰਡ 'ਤੇ ਸੂਚਨਾ ਦਿੱਤੀ ਜਾਵੇਗੀ।

# ਪੰਜਾਬ ਸੇਵਾਵਾਂ ਅਧਿਕਾਰ ਕਾਨੂੰਨ 2011

ਪੰਜਾਬ ਰਾਈਟ ਟੂ ਸਰਵਿਸ ਐਕਟ ਲਾਗੂ ਕਰਨ ਸਬੰਧੀ ਡਾਇਰੈਕਟਰ ਸਿੱਖਿਆ ਵਿਭਾਗ (ਕਾ) ਪੰਜਾਬ ਦੇ ਪਿੱਠ ਅੰਕਣ ਨੰਬਰ 11/40-2013 ਅ (1) ਮਿਤੀ 28-3-2014 ਅਨੁਸਾਰ ਵਿਦਿਆਰਥੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹਨ :

| Sr. No. | Dept. Name | Name of the Service to be provided by Punjabi University Patiala | Period |
|---|---|---|---|
| 1. | Govt. Brijindra College, Faridkot | Issuance of Duplicate Certificate | 30 Days |
| 2. | Govt. Brijindra College, Faridkot | Issuance of Original Migration Certificate / Detailed Marks Cards / Verifications of Documents | 15 Days |
| 3. | Govt. Brijindra College, Faridkot | Degrees of Successful Candidates | By 31 October Every Year |

# ਹੋਸਟਲ

ਕਾਲਜ ਵਿੱਚ ਕੇਵਲ ਲੜਕਿਆਂ ਦਾ ਹੋਸਟਲ ਹੈ ਜਿਸ ਵਿੱਚ ਕੁੱਲ 50 ਸੀਟਾਂ ਹਨ। ਇਸ ਵਿੱਚ ਦਾਖਲਾ ਉਪਲੱਬਧ ਸੀਟਾਂ ਅਨੁਸਾਰ ਲੋੜਵੰਦ ਵਿਦਿਆਰਥੀਆਂ ਦੀ ਮੁਸ਼ਕਲ ਨੂੰ ਮੁੱਖ ਰੱਖ ਕੇ ਪ੍ਰਿੰਸੀਪਲ ਦੁਆਰਾ ਇੰਟਰਵਿਊ ਰਾਹੀਂ ਕੀਤਾ ਜਾਂਦਾ ਹੈ। ਹੋਸਟਲ ਵਿੱਚ ਵਿਦਿਆਰਥੀਆਂ ਦੀ ਸਹੂਲਤ ਲਈ ਮੈਸ ਦੀ ਸਹੂਲਤ ਵੀ ਹੈ। ਇਸ ਤੋਂ ਇਲਾਵਾ ਵਿਦਿਆਰਥੀਆਂ ਦੀ ਲੋੜ ਅਨੁਸਾਰ ਅਖ਼ਬਾਰ, ਮੈਗਜੀਨ ਅਤੇ ਕਾਮਨ ਰੂਪ ਸਥਾਪਿਤ ਹੈ। ਵਿਦਿਆਰਥੀਆਂ ਦੀ ਜਰੂਰਤ ਨੂੰ ਮੁੱਖ ਰੱਖਦਿਆਂ ਜਨਰੇਟਰ, ਵਾਟਰ ਕੂਲਰ, ਵਾਟਰ ਪਿਊਰੀਫਾਇਰ, ਗੀਜ਼ਰ ਅਤੇ ਸਮਰਸੀਬਲ ਪੰਪ ਵੀ ਲੱਗਾ ਹੋਇਆ ਹੈ। ਇਸ ਹੋਸਟਲ ਵਿੱਚ ਦਾਖਲਾ ਲੈਣ ਦੇ ਹਰ ਚਾਹਵਾਨ ਵਿਦਿਆਰਥੀ ਲਈ ਹੋਸਟਲ ਵਿੱਚ ਇੱਕ ਨਿਸ਼ਚਿਤ ਫਾਰਮ ਭਰਨਾ ਜਰੂਰੀ ਹੈ। ਹੋਸਟਲ ਫੰਡ ਅਤੇ ਕਿਰਾਇਆ ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ ਵਸੂਲਿਆ ਜਾਵੇਗਾ।

ਹੋਸਟਲ ਫੀਸਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

1. ਹੋਸਟਲ ਸਕਿਉਰਟੀ ਰੁਪਏ 500/- (ਕੇਵਲ ਪਹਿਲੇ ਸਾਲ) ਮੋੜਨਯੋਗ
2. ਹੋਸਟਲ ਦਾ ਕਿਰਾਇਆ ਰੁਪਏ 5700/- (ਸਾਲਾਨਾ) ਪ੍ਰਤੀ ਵਿਦਿਆਰਥੀ
3. ਬਿਜਲੀ ਅਤੇ ਜਨਰੇਟਰ ਫੰਡ-ਰੁਪਏ 5000/- (ਸਾਲਾਨਾ) ਪ੍ਰਤੀ ਵਿਦਿਆਰਥੀ
4. ਮੈਸ ਸਕਿਉਰਟੀ ਰੁਪਏ 3000/- (ਮੋੜਨਯੋਗ) ਪ੍ਰਤੀ ਵਿਦਿਆਰਥੀ
5. ਕੂਲਰ ਦਾ ਖਰਚਾ 1000/- ਸਾਲਾਨਾ (ਜੇ ਕਿਸੇ ਵਿਦਿਆਰਥੀ ਨੇ ਲਗਾਉਣਾ ਹੈ ਤਾਂ) (ਸਾਲਾਨਾ) ਪ੍ਰਤੀ ਵਿਦਿਆਰਥੀ

ਹੋਸਟਲ ਵਿੱਚ ਰਹਿਣ ਵਾਲੇ ਵਿਦਿਆਰਥੀਆਂ ਨੂੰ ਘੱਟੋ-ਘੱਟ 3000/- ਪ੍ਰਤੀ ਮਹੀਨਾ ਮੈਸ ਦੇ ਖਾਣੇ ਦਾ ਬਿੱਲ ਦੇਣਾ ਹੋਵੇਗਾ । ਬਾਹਰੋਂ ਖਾਣਾ ਖਾਣ ਦੀ ਆਗਿਆ ਨਹੀਂ ਹੈ ।

# ਲੜਕਿਆਂ ਦੇ ਹੋਸਟਲ ਵਿੱਚ ਰਹਿਣ ਵਾਲੇ ਵਿਦਿਆਰਥੀਆਂ ਲਈ ਜ਼ਰੂਰੀ ਹਿਦਾਇਤਾਂ

1. ਹੋਸਟਲ ਵਿੱਚ ਦਾਖਲੇ ਲਈ ਫਾਰਮ, ਕਾਲਜ ਵਿੱਚ ਦਾਖਲਾ ਲੈਣ ਤੋਂ ਤੁਰੰਤ ਬਾਅਦ ਪ੍ਰੋ. ਜਗਦੀਪ ਸਿੰਘ (ਹੋਸਟਲ ਕਨਵੀਨਰ) ਕੋਲ ਜਮ੍ਹਾਂ ਕਰਵਾਉਣਾ ਜ਼ਰੂਰੀ ਹੈ।
2. ਹੋਸਟਲ ਦਾਖਲੇ ਸਮੇਂ ਮਾਤਾ/ਪਿਤਾ ਸਰਪ੍ਰਸਤ ਦਾ ਨਾਲ ਆਉਣਾ ਜ਼ਰੂਰੀ ਹੈ।
3. ਹੋਸਟਲ ਵਾਰਡਨ ਦੀ ਲਿਖਤੀ ਆਗਿਆ ਤੋਂ ਬਿਨ੍ਹਾਂ ਕਿਸੇ ਮਹਿਮਾਨ ਜਾਂ ਕੋਈ ਹੋਰ ਵਿਦਿਆਰਥੀ ਨੂੰ ਹੋਸਟਲ ਵਿੱਚ ਠਹਿਰਨ ਦੀ ਆਗਿਆ ਨਹੀਂ ਹੈ।
4. ਹੋਸਟਲ ਵਿੱਚ ਰੈਗਿੰਗ ਦੀ ਸਖ਼ਤ ਮਨਾਹੀ ਹੈ। ਰੈਗਿੰਗ ਕਰਨ ਵਾਲੇ ਵਿਦਿਆਰਥੀਆਂ ਵਿਰੁੱਧ ਕਾਨੂੰਨੀ ਤੇ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ ਅਤੇ ਨਾਲ ਹੀ ਉਸ ਨੂੰ ਕਾਲਜ ਅਤੇ ਹੋਸਟਲ ਵਿੱਚ ਕੱਢ ਦਿੱਤਾ ਜਾਵੇਗਾ।
5. ਹੋਸਟਲ ਵਿੱਚ ਨਸ਼ੀਲੀਆਂ ਵਸਤੂਆਂ ਦੇ ਸੇਵਨ ਦੀ ਸਖ਼ਤ ਮਨਾਹੀ ਹੈ। ਜੇਕਰ ਕਾਲਜ ਦੇ ਵਿਦਿਆਰਥੀ, ਨਸ਼ੀਲੀਆਂ ਵਸਤੂਆਂ ਦੇ ਸੇਵਨ ਕਰਨ ਵਾਲੇ ਕਿਸੇ ਵਿਅਕਤੀ ਨਾਲ ਸੰਬੰਧ ਰੱਖਦੇ ਹਨ ਜਾਂ ਉਨ੍ਹਾਂ ਨੂੰ ਕਾਲਜ ਵਿੱਚ ਬੁਲਾਉਂਦੇ ਹਨ, ਤਾਂ ਇਸ ਸੂਰਤ ਵਿੱਚ ਉਸ ਨੂੰ ਤੁਰੰਤ ਕਾਲਜ ਅਨੁਸ਼ਾਸਨ ਭੰਗ ਕਰਨ ਕਾਰਨ ਹੋਸਟਲ ਵਿੱਚੋਂ ਕੱਢ ਦਿੱਤਾ ਜਾਵੇਗਾ।

6. ਜੋ ਵਿਦਿਆਰਥੀ ਨਿਯਤ ਸਮੇਂ ਤੇ ਹੋਸਟਲ ਦੀ ਫੀਸ ਨਹੀਂ ਦੇਣਗੇ ਉਨ੍ਹਾਂ ਨੂੰ ਜੁਰਮਾਨਾ ਕੀਤਾ ਜਾਵੇਗਾ।
7. ਹੋਸਟਲ ਦੇ ਵਿਦਿਆਰਥੀ ਆਪਣੀ ਮੈਸ ਵਿਦਿਆਰਥੀਆਂ ਦੁਆਰਾ ਚੁਣੀ ਹੋਈ ਕਮੇਟੀ ਦੁਆਰਾ ਹੋਸਟਲ ਵਾਰਡਨ ਨਿਗਰਾਨੀ ਹੇਠ ਨਾ ਲਾਭ ਨਾ ਹਾਨੀ ਨਿਯਮਾਂ ਅਨੁਸਾਰ ਚਲਾ ਸਕਦੇ ਹਨ ਅਤੇ ਹੋਸਟਲ ਦੇ ਸਾਰੇ ਵਿਦਿਆਰਥੀਆਂ ਲਈ ਮੈਸ ਦਾ ਮੈਂਬਰ ਬਣਨਾ ਲਾਜ਼ਮੀ ਹੈ।
8. ਹਰ ਵਿਦਿਆਰਥੀ ਲਈ ਮੈਸ ਬਿੱਲ ਦੀ ਅਦਾਇਗੀ ਹਰ ਮਹੀਨੇ ਦੀ 7 ਤਰੀਕ ਤੱਕ ਕਰਨੀ ਲਾਜ਼ਮੀ ਹੈ। ਜੇਕਰ ਕੋਈ ਵਿਦਿਆਰਥੀ ਨਿਯਮਿਤ ਸਮੇਂ ਦੇ ਬਿੱਲ ਦੀ ਅਦਾਇਗੀ ਨਹੀਂ ਕਰਦਾ ਤਾਂ ਉਨ੍ਹਾਂ ਨੂੰ 100/-ਰੁਪੈ ਪ੍ਰਤੀ ਦਿਨ ਦੇ ਹਿਸਾਬ ਨਾਲ ਜੁਰਮਾਨਾ ਕੀਤਾ ਜਾਵੇਗਾ।
9. ਹੋਸਟਲ ਵਿੱਚ ਰਹਿਣ ਵਾਲੇ ਵਿਦਿਆਰਥੀਆਂ ਨੂੰ ਸਮੇਂ-ਸਿਰ ਬਣਾਏ ਨਿਯਮਾਂ ਦੀ ਪਾਲਣਾ ਕਰਨੀ ਪਵੇਗੀ।
10. ਹੋਸਟਲ ਵਿੱਚ ਕਿਸੇ ਕਿਸਮ ਦਾ ਹਥਿਆਰ ਜਾਂ ਨੁਕਸਾਨਦੇਹ ਸਮੱਗਰੀ ਰੱਖਣ ਦੀ ਸਖ਼ਤ ਮਨਾਹੀ ਹੈ।
11. ਹੋਸਟਲ ਦੇ ਕਮਰੇ ਵਿੱਚ ਹੀਟਰ ਤੇ ਪ੍ਰੈਸ ਲਗਾਉਣਾ ਸਖ਼ਤ ਮਨ੍ਹਾਂ ਹੈ। ਉਲੰਘਣਾ ਕਰਨ ਵਾਲੇ ਨੂੰ 200/-ਰੁਪੈ ਜੁਰਮਾਨਾ ਕੀਤਾ ਜਾਵੇਗਾ।
12. ਹੋਸਟਲ ਦੇ ਹਰ ਕਮਰੇ ਨੂੰ ਲਗਾਏ ਤਾਲੇ ਦੀ ਇੱਕ ਚਾਬੀ ਹੋਸਟਲ ਵਾਰਡਨ ਕੋਲ ਹੋਵੇਗੀ ਤਾਂ ਜੋ ਵਿਦਿਆਰਥੀ ਦੀ ਆਪਣੀ ਚਾਬੀ ਗੁੰਮਣ ਤੇ ਜ਼ਿੰਦਰੇ ਅਤੇ ਦਰਵਾਜ਼ੇ ਨੂੰ ਟੁੱਟਣ ਤੋਂ ਬਚਾਇਆ ਜਾ ਸਕੇ।
13. ਬਿਜਲੀ ਦੀ ਦੁਰਵਰਤੋਂ ਦੀ ਸਖ਼ਤ ਮਨਾਹੀ ਹੈ।
14. ਕਾਲਜ ਹੋਸਟਲ ਵਿੱਚ ਮਿਲਣ ਦਾ ਸਮਾਂ ਸ਼ਾਮ 4.00 ਵਜੇ ਤੋਂ 5.00 ਵਜੇ ਤੱਕ ਹੈ।
15. ਕਾਲਜ ਹੋਸਟਲ ਤੋਂ ਬਾਹਰ ਜਾਣ ਵੇਲੇ ਵਿਦਿਆਰਥੀ, ਹੋਸਟਲ ਦਫ਼ਤਰ ਵਿੱਚ ਰੱਖੇ ਰਜਿਸਟਰ ਵਿੱਚ ਆਪਣਾ ਪਤਾ ਦਰਜ ਕਰਕੇ ਜਾਣਗੇ ਅਤੇ ਵਾਪਸੀ ਤੇ ਹਾਜ਼ਰੀ ਲਗਾਉਣਗੇ।
16. ਵਿਦਿਆਰਥੀਆਂ ਲਈ ਮੈੱਸ ਦੀ ਫੀਸ ਜਮ੍ਹਾਂ ਕਰਵਾਉਣ ਉਪਰੰਤ ਹੀ ਕਮਰਾ ਅਲਾਟ ਕੀਤਾ ਜਾਵੇਗਾ।
17. ਸ਼ਾਮ 8.00 ਵਜੇ ਤੋਂ ਪਿੱਛੋਂ ਹੋਸਟਲ ਅੰਦਰ ਪ੍ਰਵੇਸ਼ ਬੰਦ ਹੈ ਅਤੇ ਵਿਦਿਆਰਥੀਆਂ ਦੀ ਹਾਜ਼ਰੀ ਲਗਾਈ ਜਾਵੇਗੀ।
18. ਸਥਾਨਿਕ ਜਾਂ 16 ਕਿਲੋਮੀਟਰ ਦੇ ਘੇਰੇ ਵਿੱਚ ਆਉਣ ਵਾਲੇ ਵਿਦਿਆਰਥੀਆਂ ਨੂੰ ਹੋਸਟਲ ਸੁਵਿਧਾ ਤੋਂ ਇਨਕਾਰ ਕੀਤਾ ਜਾ ਸਕਦਾ ਹੈ।
19. ਕਾਲਜ ਹੋਸਟਲ ਦਾ ਅਨੁਸ਼ਾਸਨ ਭੰਗ ਕਰਨ ਵਾਲੇ ਵਿਦਿਆਰਥੀਆਂ ਨੂੰ ਹੋਸਟਲ ਵਿੱਚੋਂ ਕੱਢ ਦਿੱਤਾ ਜਾਵੇਗਾ ਅਤੇ ਅਗਲੇ ਸਾਲ ਵੀ ਹੋਸਟਲ ਵਿੱਚ ਦਾਖਲਾ ਨਹੀਂ ਜਾਵੇਗਾ।
20. ਹੋਸਟਲ ਫ਼ੀਸ ਪੰਜਾਬ ਸਰਕਾਰ ਅਤੇ ਯੂਨੀਵਰਸਿਟੀ ਵੱਲੋਂ ਸਮੇਂ-ਸਮੇਂ ਸਿਰ ਦਿਸ਼ਾ-ਨਿਰਦੇਸ਼ਾਂ ਮੁਤਾਬਿਕ ਲਈ ਜਾਵੇਗੀ।
21. ਹੋਸਟਲ ਵਿੱਚ ਕਿਸੇ ਸ਼ਿਕਾਇਤ ਦੀ ਸੂਰਤ ਵਿੱਚ, ਸ਼ਿਕਾਇਤ ਰਜਿਸਟਰ ਵਿੱਚ ਦਰਜ ਕਰਨ ਦੀ ਸੁਵਿਧਾ ਹੈ। ਇਹ ਰਜਿਸਟਰ ਚੌਂਕੀਦਾਰ ਪਾਸ ਮੌਜੂਦ ਹੋਵੇਗਾ।
22. ਵਿਦਿਆਰਥੀਆਂ ਨੂੰ ਹੋਸਟਲ ਵਿੱਚ ਕਿਸੇ ਵੀ ਤਰ੍ਹਾਂ ਦਾ ਵਹੀਕਲ ਲਿਆਉਣ ਦੀ ਆਗਿਆ ਨਹੀਂ ਹੈ ।

## ਗੁਰੂ ਨਾਨਕ ਦੇਵ ਲਾਇਬਰੇਰੀ

ਕਾਲਜ ਵਿੱਚ ਵਿਦਿਆਰਥੀਆਂ ਦੀ ਸਹੂਲਤ ਲਈ ਆਧੁਨਿਕ ਸਹੂਲਤਾਂ ਨਾਲ ਲੈਸ ਲਾਇਬਰੇਰੀ ਹੈ ਜੋ ਕਿ ਪੂਰੀ ਤਰ੍ਹਾਂ ਕੰਪਿਊਟਰਾਈਜ਼ਡ ਹੈ। ਲਾਇਬਰੇਰੀ ਸਬੰਧੀ ਨਿਯਮ ਇਸ ਪ੍ਰਕਾਰ ਹਨ:-

1. ਹੇਠ ਲਿਖੀ ਗਿਣਤੀ ਅਨੁਸਾਰ ਲਾਇਬਰੇਰੀ ਵਿੱਚੋਂ ਕਿਤਾਬਾਂ ਜਾਰੀ ਹੋਣਗੀਆਂ।
   (ੳ) ਡਿਗਰੀ ਕਲਾਸਾਂ ਦੇ ਵਿਦਿਆਰਥੀਆਂ ਲਈ 3
   (ਅ) ਐਮ.ਏ./ਐਮ.ਐਸ.ਸੀ. ਦੇ ਵਿਦਿਆਰਥੀਆਂ ਲਈ6
2. ਇੱਕ ਪੁਸਤਕ 15 ਦਿਨਾਂ ਲਈ ਜਾਰੀ ਕੀਤੀ ਜਾਵੇਗੀ। ਇਸ ਤੋਂ ਵੱਧ ਦਿਨ ਰੱਖੀ ਪੁਸਤਕ ਲਈ 50 ਪੈਸੇ ਪ੍ਰਤੀ ਦਿਨ ਦੇ ਹਿਸਾਬ ਨਾਲ ਜੁਰਮਾਨਾ ਕੀਤਾ ਜਾਵੇਗਾ।
3. ਵਿਦਿਆਰਥੀਆਂ ਵੱਲੋਂ ਲਾਇਬਰੇਰੀ ਕਿਤਾਬ ਗੁੰਮ ਹੋ ਜਾਣ ਜਾਂ ਖਰਾਬ ਹੋਣ ਦੀ ਸੂਰਤ ਵਿੱਚ, ਵਿਦਿਆਰਥੀ ਨੂੰ ਕਿਤਾਬ ਦਾ ਵਰਤਮਾਨ ਮੁੱਲ ਭਰਨਾ ਪਵੇਗਾ। ਕਿਤਾਬ ਦੇ ਕਿਸੇ ਇੱਕ ਸੈਟ ਜਾਂ ਲੜੀ ਵਿੱਚ ਗੁਆਚੀ ਜਾਂ ਖਰਾਬ ਕੀਤੀ ਕਿਤਾਬ ਦੀ ਥਾਂ ਸਮੁੱਚੇ ਸੈਟ ਜਾਂ ਲੜੀ ਦਾ ਮੁੱਲ ਭਰਨਾ ਪਵੇਗਾ। ਇਸ ਸੰਬੰਧੀ ਪ੍ਰਿੰਸੀਪਲ ਦਾ ਫ਼ੈਸਲਾ ਅੰਤਿਮ ਹੋਵੇਗਾ।
4. ਲਾਇਬਰੇਰੀ ਦੇ ਖੁੱਲਣ ਦਾ ਸਮਾਂ, ਕਾਲਜ ਖੁੱਲਣ ਦੇ ਸਮੇਂ ਅਨੁਸਾਰ ਹੀ ਹੋਵੇਗਾ।
5. ਲਾਇਬਰੇਰੀ ਦੀ ਅਧਿਐਨਸ਼ਾਲਾ ਵਿੱਚ ਚੁੱਪ ਦੀ ਮਰਿਆਦਾ ਕਾਇਮ ਰੱਖਣੀ ਅਤੀ ਜ਼ਰੂਰੀ ਹੈ। ਮਰਿਆਦਾ ਭੰਗ ਕਰਨ ਵਾਲੇ ਵਿਦਿਆਰਥੀ ਨੂੰ

ਲਾਇਬਰੇਰੀਅਨ, ਪ੍ਰਿੰਸੀਪਲ ਦੀ ਆਗਿਆ ਨਾਲ ਜੁਰਮਾਨਾ ਕਰ ਸਕਦਾ ਹੈ।

6. ਵਿਦਿਆਰਥੀਆਂ ਨੂੰ ਸਮੈਸਟਰ ਯੂਨੀਵਰਸਿਟੀ ਇਮਤਿਹਾਨ ਦੇ ਰੋਲ ਨੰਬਰ ਦੇਣ ਸਮੇਂ ਲਾਇਬਰੇਰੀ ਦੀਆਂ ਪੁਸਤਕਾਂ ਵਾਪਸ ਕਰਨੀਆਂ ਹੋਣਗੀਆਂ।
7. ਲਾਇਬਰੇਰੀ ਤੋਂ 'ਨੌਂ ਡਿਊਜ਼' ਲੈਣ ਸਮੇਂ ਲਾਇਬਰੇਰੀ ਸ਼ਨਾਖਤੀ ਕਾਰਡ ਰੱਦ ਕਰ ਦਿੱਤਾ ਜਾਵੇਗਾ, ਪਰ ਵਿਦਿਆਰਥੀਆਂ ਲਈ ਜ਼ਰੂਰੀ ਹੈ ਕਿ ਉਹ ਰੱਦ ਕੀਤਾ ਸ਼ਨਾਖਤੀ ਕਾਰਡ ਫੋਟੋ ਸਮੇਤ ਸੰਭਾਲ ਕੇ ਰੱਖਣ। ਕਿਉਂਕਿ ਇਸ ਕਾਰਡ ਤੋਂ ਬਿਨਾਂ ਕਾਲਜ ਮੈਗਜ਼ੀਨ, ਲਾਇਬਰੇਰੀ ਸਕਿਉਰਟੀ ਅਤੇ ਯੂਨੀਵਰਸਿਟੀ ਦੇ ਡਿਟੇਲ ਮਾਰਕਸ ਕਾਰਡ ਆਦਿ ਨਹੀਂ ਦਿੱਤੇ ਜਾਣਗੇ।
8. ਲਾਇਬਰੇਰੀ ਬੁੱਕ ਕਾਰਡ ਗੁੰਮ ਹੋਣ ਦੀ ਸੂਰਤ ਵਿੱਚ ਡੁਪਲੀਕੇਟ ਕਾਰਡ ਬਣਾਉਣ ਵਾਸਤੇ 20/-ਰੁਪੈ ਦੀ ਫੀਸ ਦੇਣੀ ਪਵੇਗੀ।
9. ਕਾਲਜ ਲਾਇਬਰੇਰੀ ਵਿੱਚ ਪੰਜਾਬੀ, ਹਿੰਦੀ, ਅੰਗਰੇਜ਼ੀ, ਖੇਤੀਬਾੜੀ, ਕਾਮਰਸ ਤੇ ਹੋਰ ਵਿਸ਼ਿਆਂ ਨਾਲ ਸੰਬੰਧਤ ਰਸਾਲੇ/ ਮੈਗਜ਼ੀਨ ਉਪਲੱਬਧ ਹਨ। ਕੋਈ ਵੀ ਰਸਾਲਾ/ਮੈਗਜ਼ੀਨ ਵਿਦਿਆਰਥੀ ਨੂੰ ਜਾਰੀ ਨਹੀਂ ਕੀਤਾ ਜਾਵੇਗਾ।

## ਸ਼੍ਰੀ ਹੰਸ ਰਾਜ ਜੈਨ ਮੈਮੋਰੀਅਲ 'ਈ' ਲਾਇਬ੍ਰੇਰੀ

ਕਾਲਜ ਵਿੱਚ ਸ਼੍ਰੀ ਹੰਸ ਰਾਜ ਜੈਨ ਮੈਮੋਰੀਅਲ ਈ-ਲਾਇਬ੍ਰੇਰੀ ਸਥਾਪਤ ਕੀਤੀ ਗਈ ਹੈ। ਸ੍ਰੀ ਹੰਸ ਰਾਜ ਜੈਨ ਕਾਲਜ ਦੇ ਪਹਿਲੇ ਲਾਇਬਰੇਰੀਅਨ ਸਨ। ਉਹਨਾਂ ਦੀ ਯਾਦ ਵਿੱਚ ਉਹਨਾਂ ਦੇ ਸਪੁੱਤਰ ਡਾ. ਸੁਸ਼ੀਲ ਜੈਨ (ਡਾਇਰੈਕਟਰ/ਪ੍ਰਧਾਨ ਸਾਊਥ ਏਸ਼ੀਅਨ ਸੈਂਟਰ ਵਿੰਡਸਰ ਆਨਟਾਰੀਓ ਕੈਨੇਡਾ) ਜੀ ਨੇ 5,00,000/- ਰੁਪਏ ਦੀ ਰਾਸ਼ੀ ਦਾਨ ਵਜੋਂ ਦਿੱਤੀ ਹੈ। ਵਿਦਿਆਰਥੀ ਇਸ ਲਾਇਬਰੇਰੀ ਵਿੱਚ ਇੰਟਰਨੈੱਟ ਤੋਂ ਕਿਤਾਬਾਂ ਡਾਊਨਲੋਡ ਕਰਕੇ ਪੜ੍ਹ ਸਕਦੇ ਹਨ। ਇਸ ਲਾਇਬ੍ਰੇਰੀ ਦੀ ਸਹੂਲਤ ਲੈਣ ਲਈ ਵਿਦਿਆਰਥੀਆਂ ਦਾ ਵੱਖਰਾ ਈ-ਲਾਇਬਰੇਰੀ ਕਾਰਡ ਬਣੇਗਾ। ਇਸ ਵਿੱਚ ਹੇਠ ਲਿਖੀਆਂ ਸਹੂਲਤਾਂ ਉਪਲਬੱਧ ਹਨ:-

1. NPTEL
2. E-Granthalaya
3. E-PG Pathshala
4. MIT
5. Project Gutenberg
6. Universal Digital Library

## ਸ਼ਨਾਖਤੀ ਕਾਰਡ

1. ਸ਼ਨਾਖਤੀ ਕਾਰਡ ਹਰ ਰੋਜ਼ ਕਾਲਜ ਲਿਆਉਣਾ ਅਤੇ ਮੰਗਣ ਤੇ ਦਿਖਾਉਣਾ ਜ਼ਰੂਰੀ ਹੈ। ਜੇਕਰ ਕੋਈ ਵੀ ਵਿਦਿਆਰਥੀ ਬਿਨ੍ਹਾਂ ਸ਼ਨਾਖਤੀ ਕਾਰਡ ਤੋਂ ਜਾਂ ਅਧੂਰੇ ਸ਼ਨਾਖਤੀ ਕਾਰਡ ਨਾਲ ਪਕੜਿਆ ਜਾਂਦਾ ਹੈ ਤਾਂ ਉਸਨੂੰ ਜੁਰਮਾਨਾ ਕੀਤਾ ਜਾਵੇਗਾ।
2. ਸ਼ਨਾਖਤੀ ਕਾਰਡ ਗੁੰਮ ਹੋ ਜਾਣ ਤੇ ਵਿਦਿਆਰਥੀ ਨੂੰ ਪੁਲਿਸ ਥਾਣੇ ਵਿੱਚ ਐਫ.ਆਈ.ਆਰ. ਦਰਜ ਕਰਵਾਉਣੀ ਹੋਵੇਗੀ ਅਤੇ ਪ੍ਰਿੰਸੀਪਲ ਦੀ ਆਗਿਆ ਨਾਲ ਨਿਰਧਾਰਤ ਫੀਸ ਭਰਨ ਉਪਰੰਤ ਡੁਪਲੀਕੇਟ ਸ਼ਨਾਖਤੀ ਕਾਰਡ ਜਾਰੀ ਕੀਤਾ ਜਾਵੇਗਾ।
3. ਵਿਦਿਆਰਥੀ ਆਪਣਾ ਸ਼ਨਾਖਤੀ ਕਾਰਡ ਸੰਭਾਲ ਕੇ ਰੱਖਣ ਅਤੇ ਹੇਠ ਲਿਖੇ ਕੰਮਾਂ ਲਈ ਲੋੜ ਪੈਣ ਤੇ ਦਿਖਾਉਣ-
   (ੳ) ਕਾਲਜ ਦੇ ਬਤੌਰ ਰੈਗੂਲਰ ਵਿਦਿਆਰਥੀ ਹੋਣ ਦੇ ਸਬੂਤ ਵੱਜੋਂ।
   (ਅ) ਯੂਨੀਵਰਸਿਟੀ ਪ੍ਰੀਖਿਆ ਫਾਰਮ ਭਰਨ ਵੇਲੇ ਇੰਚਾਰਜ਼ ਪ੍ਰੋਫੈਸਰ ਨੂੰ ਦਿਖਾਉਣ ਲਈ।
   (ੲ) ਲਾਇਬਰੇਰੀ ਕਾਰਡ ਬਨਾਉਣ ਸਮੇਂ।
   (ਸ) ਬੱਸ ਪਾਸ ਬਣਾਉਣ ਲਈ ਫਾਰਮ ਤਸਦੀਕ ਕਰਾਉਣ ਸਬੰਧੀ।
   (ਹ) ਲਾਇਬਰੇਰੀ ਸਕਿਉਰਟੀ ਵਾਪਸ ਲੈਣ ਸਮੇਂ।
   (ਕ) ਕਾਲਜ ਮੈਗਜ਼ੀਨ ਪ੍ਰਾਪਤ ਕਰਨ ਸਮੇਂ
   (ਖ) ਦਫ਼ਤਰੀ ਕੰਮ ਲਈ ਪਹਿਚਾਣ ਵਜੋਂ,
   (ਗ) ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀਆਂ ਸਮੈਸਟਰ ਪ੍ਰੀਖਿਆਵਾਂ ਅਤੇ ਕਾਲਜ ਦੀਆਂ ਘਰੇਲੂ ਪ੍ਰੀਖਿਆਵਾਂ ਦੌਰਾਨ ਪ੍ਰੀਖਿਆ ਕੇ ੰਦ ਰ ਵਿੱਚ ਆਪਣੀ ਪਹਿਚਾਣ ਦੀ ਪੁਸ਼ਟੀ ਲਈ।

# ਟਿਊਟੋਰੀਅਲ ਗਰੁੱਪ ਪ੍ਰਣਾਲੀ

1. ਕਾਲਜ ਦੇ ਹਰ ਵਿਦਿਆਰਥੀ ਨੂੰ ਕਿਸੇ ਇੱਕ ਟਿਊਟੋਰੀਅਲ ਗਰੁੱਪ ਵਿੱਚ ਸ਼ਾਮਲ ਕੀਤਾ ਜਾਵੇਗਾ। ਟਿਊਟਰ ਆਪਣੇ ਗਰੁੱਪ ਦੇ ਵਿਦਿਆਰਥੀਆਂ ਦੀ ਕਾਲਜ ਵਿੱਚ ਸਰਵ-ਪੱਖੀ ਉਨਤੀ ਦਾ ਧਿਆਨ ਰੱਖਦਾ ਹੈ।
2. ਕਿਸੇ ਵਿਦਿਆਰਥੀ ਨੂੰ ਗਰੁੱਪ ਬਦਲਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ।
3. ਹਰ ਵਿਦਿਆਰਥੀ ਲਈ ਸਮੇਂ-ਸਮੇਂ ਸਿਰ ਹੋਣ ਵਾਲੀਆਂ ਗਰੁੱਪ ਮੀਟਿੰਗਾਂ ਵਿੱਚ ਹਾਜ਼ਰ ਹੋਣਾ ਜ਼ਰੂਰੀ ਹੈ। ਗ਼ੈਰ-ਹਾਜ਼ਰ ਵਿਦਿਆਰਥੀ ਨੂੰ ਵਿਸ਼ੇਸ਼ ਜੁਰਮਾਨਾ ਕੀਤਾ ਜਾਵੇਗਾ।
4. ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਕਾਲਜ ਵਿੱਚ ਆਪਣੀਆਂ ਗਤੀਵਿਧੀਆਂ ਅਤੇ ਪ੍ਰਾਪਤੀਆਂ ਦੀ ਰਿਪੋਰਟ ਸਮੇਂ ਸਿਰ ਆਪਣੇ ਟਿਊਟਰ ਦੇ ਰਿਕਾਰਡ ਵਿੱਚ ਦਰਜ ਕਰਵਾ ਦੇਣ।
5. ਟਿਊਟਰ ਆਪਣੇ ਗਰੁੱਪਾਂ ਦੇ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਦਾ ਰਿਕਾਰਡ ਰੱਖੇਗਾ। ਉਹ ਉਨ੍ਹਾਂ ਦੇ ਆਚਰਣ ਸਰਟੀਫਿਕੇਟ ਤੋਂ ਇਲਾਵਾ ਉਨ੍ਹਾਂ ਦੀ ਵਿੱਦਿਅਕ ਉਨਤੀ ਰਿਪੋਰਟ 'ਤੇ ਟਿੱਪਣੀ ਵੀ ਕਰੇਗਾ।

# ਪ੍ਰੈਕਟੋਰੀਅਲ ਗਰੁੱਪ ਪ੍ਰਣਾਲੀ

ਵਿਦਿਆਰਥੀਆਂ ਵਿੱਚ ਅਨੁਸ਼ਾਸਨ ਕਾਇਮ ਰੱਖਣ ਲਈ ਇਸ ਪ੍ਰਣਾਲੀ ਤਹਿਤ ਪ੍ਰੋਫੈਸਰ ਸਾਹਿਬਾਨ ਵੱਖ-ਵੱਖ ਪੀਰੀਅਡਾਂ ਦੌਰਾਨ ਵਿਦਿਆਰਥੀਆਂ ਦੇ ਸ਼ਨਾਖਤੀ ਕਾਰਡ ਚੈਕ ਕਰਦੇ ਹਨ ਅਤੇ ਵਿਦਿਆਰਥੀਆਂ ਨੂੰ ਆਪਣੀਆਂ ਕਲਾਸਾਂ ਸਮੇਂ-ਸਿਰ ਲਗਾਉਣ ਲਈ ਅਤੇ ਆਪਣੇ ਖਾਲੀ ਸਮੇਂ ਦਾ ਸਦ-ਉਪਯੋਗ ਕਰਨ ਲਈ ਪ੍ਰੇਰਿਤ ਕਰਦੇ ਹਨ।

# ਐਨ.ਐਸ.ਐਸ. (ਰਾਸ਼ਟਰੀ ਸੇਵਾ ਯੋਜਨਾ)

ਵਿਦਿਆਰਥੀਆਂ ਦੀ ਸਖਸ਼ੀਅਤ ਦੇ ਸਰਵ-ਪੱਖੀ ਵਿਕਾਸ ਹਿੱਤ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਕਾਲਜ ਵਿੱਚ ਰਾਸ਼ਟਰੀ ਸੇਵਾ ਯੋਜਨਾ ਦਾ ਵਿਭਾਗ ਸਥਾਪਿਤ ਕੀਤਾ ਹੋਇਆ ਹੈ ਜੋ ਉਹਨਾਂ ਵਿੱਚ ਨਿਮਰਤਾ, ਹਿੰਮਤ, ਸੇਵਾ, ਲਗਨ ਅਤੇ ਸਹਿਯੋਗ ਆਦਿ ਜਿਹੇ ਮਾਨਵੀ ਗੁਣਾਂ ਦਾ ਨਿਰਮਾਣ ਕਰਕੇ ਸਮਾਜਿਕ ਬੁਰਾਈਆਂ ਵਿਰੁੱਧ ਚੇਤਨਤਾ ਪੈਦਾ ਕਰਦਾ ਹੈ ਅਤੇ ਆਦਰਸ਼ ਨਾਗਰਿਕ ਬਣਨ ਦੀ ਪ੍ਰੇਰਨਾ ਦਿੰਦਾ ਹੈ। ਕਾਲਜ ਵਿੱਚ ਰਾਸ਼ਟਰੀ ਸੇਵਾ ਯੋਜਨਾ ਦੇ 5 ਯੂਨਿਟ ਹਨ (3 ਯੂਨਿਟ ਲੜਕਿਆਂ ਅਤੇ 2 ਯੂਨਿਟ ਲੜਕੀਆਂ) ਹਰ ਯੂਨਿਟ ਵਿੱਚ ਵਿਦਿਆਰਥੀ ਦੀ ਗਿਣਤੀ 50 ਹੈ।

# ਰੈਡ ਕਰਾਸ ਯੂਨਿਟ

ਕਾਲਜ ਵਿੱਚ ਇੱਕ ਰੈਡ ਕਰਾਸ ਯੂਨਿਟ ਸਥਾਪਿਤ ਹੈ ਜਿਸ ਵਿੱਚ ਵਿਦਿਆਰਥੀਆਂ ਨੂੰ ਸਮਾਜ ਤੇ ਕੌਮੀ ਸੇਵਾ ਦੀ ਲਗਨ ਤੇ ਮਹਾਨਤਾ ਨਾਲ ਸੰਬੰਧਤ ਪ੍ਰੋਗਰਾਮਾਂ ਵਿੱਚ ਸ਼ਾਮਲ ਹੋਣ ਦਾ ਮੌਕਾ ਮਿਲਦਾ ਹੈ ਅਤੇ ਆਪਣੀ ਸ਼ਖ਼ਸੀਅਤ ਦੇ ਨਿਖਾਰ ਤੇ ਵਿਕਾਸ ਲਈ ਵੀ ਅਵਸਰ ਮਿਲਦੇ ਹਨ।

# ਪੀ.ਟੀ.ਏ.

ਕਾਲਜ ਵਿੱਚ ਪੰਜਾਬ ਸਰਕਾਰ ਵੱਲੋਂ ਪ੍ਰਵਾਨਿਤ ਮਾਪੇ ਅਧਿਆਪਕ ਐਸੋਸੀਏਸ਼ਨ (ਪੀ.ਟੀ.ਏ.) ਕੰਮ ਕਰ ਰਹੀ ਹੈ, ਜਿਸ ਲਈ ਅਧਿਆਪਕ, ਵਿਦਿਆਰਥੀ ਅਤੇ ਮਾਪੇ ਮਿਲ ਕੇ ਫੰਡ ਜਮ੍ਹਾਂ ਕਰਦੇ ਹਨ। ਇਹ ਫੰਡ ਵਿਦਿਆਰਥੀਆਂ ਦੀ ਭਲਾਈ ਅਤੇ ਸੰਸਥਾ ਦੀ ਬਿਹਤਰੀ ਲਈ ਵਰਤਿਆ ਜਾਂਦਾ ਹੈ। ਪੀ.ਟੀ.ਏ. ਕਾਲਜ ਦੇ ਸਰਬਪੱਖੀ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਪਾਉਣ ਲਈ ਯਤਨਸ਼ੀਲ ਹੈ।

# ਹਾਇਰ ਐਜੂਕੇਸ਼ਨ ਇੰਸਟੀਚਿਊਟ ਸੋਸਾਇਟੀ (HEIS)

ਕਾਲਜ ਵਿੱਚ ਹਾਇਰ ਐਜੂਕੇਸ਼ਨ ਇੰਸਟੀਚਿਊਟ ਸੋਸਾਇਟੀ ਕਾਰਜਸ਼ੀਲ ਹੈ । ਜਿਸਦੇ ਸਹਿਯੋਗ ਨਾਲ ਐਮ.ਐਸ.ਸੀ. (ਕਮਿਸਟਰੀ), ਐਮ.ਏ. (ਅੰਗਰੇਜ਼ੀ), ਬੀ.ਸੀ.ਏ. ਅਤੇ ਬੀ.ਐਸ.ਸੀ. (ਐਗਰੀਕਲਚਰ) ਕੋਰਸ ਨੂੰ ਸਫਲਤਾਪੂਰਵਕ ਚਲਾਇਆ ਜਾ ਰਿਹਾ ਹੈ ।

# ਬ੍ਰਿਜਿੰਦਰ ਅਲੂਮਿਨੀ ਲੈਕਚਰਾਰਜ ਐਸੋਸੀਏਸ਼ਨ (BALA)

ਕਾਲਜ ਦੇ ਸੇਵਾ ਮੁਕਤ ਹੋਏ ਪ੍ਰੋਫੈਸਰ ਅਤੇ ਪ੍ਰਿੰਸੀਪਲ ਸਾਹਿਬਾਨ ਨੇ **BALA** ਨਾਮ ਦੀ ਸੰਸਥਾ ਦਾ ਗਠਨ ਕੀਤਾ ਹੈ। ਇਸਦੇ ਮੈਂਬਰਾਂ ਦੇ ਤਜ਼ਰਬੇ ਤੋਂ ਕਾਲਜ ਭਰਪੂਰ ਲਾਭ ਉਠਾ ਰਿਹਾ ਹੈ। ਇਹ ਸੰਸਥਾ ਕਾਲਜ ਅਤੇ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਯਤਨਸ਼ੀਲ ਹੈ।

# ਓਲਡ ਸਟੈਡੈਂਟ ਐਸੋਸੀਏਸ਼ਨ (OSA)

ਇਹ ਐਸੋਸੀਏਸ਼ਨ ਲੋੜਵੰਦ ਅਤੇ ਹੁਸ਼ਿਆਰ ਵਿਦਿਆਰਥੀਆਂ ਜੋ ਵਿੱਦਿਅਕ, ਸੱਭਿਆਚਾਰਕ ਗਤੀਵਿਧੀਆਂ ਅਤੇ ਖੇਡਾਂ ਦੇ ਖੇਤਰ ਵਿੱਚ ਵਿਸ਼ੇਸ਼ ਸਥਾਨ ਪ੍ਰਾਪਤ ਕਰਦੇ ਹਨ, ਨੂੰ ਵਿੱਤੀ ਸਹਾਇਤਾ ਤੇ ਸਨਮਾਨ ਪ੍ਰਦਾਨ ਕਰਦੀ ਹੈ। ਕਾਲਜ ਦੇ ਸਰਵਪੱਖੀ ਵਿਕਾਸ ਵਿੱਚ ਇਸ ਸੰਸਥਾ ਦਾ ਅਹਿਮ ਯੋਗਦਾਨ ਹੈ।

# ਬ੍ਰਿਜਿੰਦਰਾ ਸੱਭਿਆਚਾਰਕ ਸੁਸਾਇਟੀ

ਕਾਲਜ ਵਿੱਚ ਸੱਭਿਆਚਾਰਕ ਅਤੇ ਸਾਹਿਤਕ ਗਤੀਵਿਧੀਆਂ ਲਈ 'ਬ੍ਰਿਜਿੰਦਰਾ ਸੱਭਿਆਚਾਰਕ ਸੁਸਾਇਟੀ' ਦੀ ਸਥਾਪਨਾ ਕੀਤੀ ਗਈ ਹੈ। ਕਾਲਜ ਵਿੱਚ ਵਿਦਿਆਰਥੀਆਂ ਦੇ ਹੋਣ ਵਾਲੇ ਸਾਰੇ ਸਮਾਗਮ ਇਸੇ ਮੰਚ ਦੇ ਬੈਨਰ ਹੇਠ ਕੀਤੇ ਜਾਂਣਗੇ।

# ਕਾਲਜ ਮੈਗਜ਼ੀਨ "ਬ੍ਰਿਜਿੰਦਰ"

ਕਾਲਜ ਮੈਗਜ਼ੀਨ "ਬ੍ਰਿਜਿੰਦਰ" ਦੇ ਪੰਜਾਬੀ, ਹਿੰਦੀ, ਅੰਗਰੇਜ਼ੀ, ਸਾਇੰਸ, ਕਾਮਰਸ, ਖੇਤੀਬਾੜੀ ਅਤੇ ਸ਼ੋਸਲ ਸਾਇੰਸਜ਼ ਦੇ ਵਿਭਿੰਨ ਵਿਭਾਗ ਹਨ ਜਿੰਨ੍ਹਾਂ ਦੇ ਅਧਿਆਪਕ ਸੰਪਾਦਕਾਂ ਦੀ ਸੂਚੀ ਵੱਖਰੀ ਦਿੱਤੀ ਗਈ ਹੈ। ਵਿਦਿਆਰਥੀ ਸੰਪਾਦਕ ਯੋਗਤਾ ਦੇ ਆਧਾਰ ਤੇ ਨਿਯੁਕਤ ਕੀਤੇ ਜਾਂਦੇ ਹਨ। ਜਿਸਦਾ ਨਿਰਣਾ ਵਿਦਿਆਰਥੀਆਂ ਵੱਲੋਂ ਆਪਣੇ ਕੋਰਸ 'ਚ ਲਏ ਗਏ ਵਿਸ਼ਿਆਂ, ਉਸ ਦੀਆਂ ਪ੍ਰਕਾਸ਼ਿਤ ਰਚਨਾਵਾਂ ਅਤੇ ਲਿਖਤੀ ਪ੍ਰੀਖਿਆ ਦੁਆਰਾ ਕੀਤਾ ਜਾਂਦਾ ਹੈ।

# ਬੈਂਕ ਸਹੂਲਤ

ਵਿਦਿਆਰਥੀਆਂ ਨੂੰ ਬੱਚਤ ਦੀ ਆਦਤ ਪਾਉਣ ਲਈ ਅਤੇ ਸਟਾਫ਼ ਤੇ ਵਿਦਿਆਰਥੀਆਂ ਦੀ ਸਹੂਲਤ ਲਈ ਕਾਲਜ ਵਿੱਚ ਪੰਜਾਬ ਐਂਡ ਸਿੰਧ ਬੈਂਕ ਦੀ ਸ਼ਾਖਾ ਕੰਮ ਕਰ ਰਹੀ ਹੈ ਜੋ ਕਾਲਜ ਹੋਸਟਲ ਦੇ ਨਾਲ ਚਹਿਲ ਰੋਡ 'ਤੇ ਸਥਿਤ ਹੈ।

# ਬੱਸ ਪਾਸ ਸੰਬੰਧੀ ਨਿਯਮ

1. ਬੱਸ ਪਾਸ ਜਾਰੀ ਕਰਨ ਲਈ ਵਿਦਿਆਰਥੀਆਂ ਦੀਆਂ ਅਰਜ਼ੀਆਂ ਦੀ ਸਿਫਾਰਸ਼ ਹਰ ਮਹੀਨੇ ਦੀ 25 ਤਾਰੀਖ ਤੱਕ ਹੀ ਕੀਤੀ ਜਾਵੇਗੀ ਅਤੇ ਪੀ.ਆਰ.ਟੀ.ਸੀ. ਵੱਲੋਂ ਇਹ ਪਾਸ ਅਗਲੇ ਮਹੀਨੇ ਦੀ 5 ਜਾਂ 7 ਤਾਰੀਖ ਨੂੰ ਜਾਰੀ ਕੀਤੇ ਜਾਣਗੇ। 7 ਤਾਰੀਖ਼ ਤੋਂ ਬਾਅਦ ਕੋਈ ਵੀ ਪਾਸ ਜਾਰੀ ਨਹੀਂ ਕੀਤਾ ਜਾਵੇਗਾ। ਪਹਿਲਾਂ ਤੋਂ ਨਿਰਧਾਰਤ ਛੁੱਟੀਆਂ ਆਦਿ ਦੇ ਦਿਨਾਂ ਦੌਰਾਨ ਟੁੱਟਵੇਂ ਪਾਸ ਬਣਵਾਉਣ ਦੀ ਕੋਈ ਵੀ ਸਿਫਾਰਸ਼ ਨਹੀਂ ਕੀਤੀ ਜਾਵੇਗੀ ਅਤੇ ਬੱਸ ਪਾਸ ਦੀ ਸਿਫਾਰਸ਼ ਕੇਵਲ ਇੱਕ ਮਹੀਨਾ, ਦੋ ਮਹੀਨਾ ਅਤੇ ਤਿੰਨ ਮਹੀਨੇ ਲਈ ਹੀ ਕੀਤੀ ਜਾਵੇਗੀ।
2. ਵਿਦਿਆਰਥੀਆਂ ਨੂੰ ਆਪਣਾ ਬੱਸ ਪਾਸ ਸਮੇਂ-ਸਿਰ ਰਿਨਿਊ ਕਰਵਾਉਣਾ ਪਵੇਗਾ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਲੇਟ ਅਰਜ਼ੀ ਦੇਣ ਵਾਲੇ ਵਿਦਿਆਰਥੀ ਦੀ ਅਰਜ਼ੀ ਤੇ ਉਸਦੇ ਪਿਛਲੇ ਪਾਸੇ ਬੱਸ ਪਾਸ ਖਤਮ ਹੋਣ ਦੀ ਮਿਤੀ ਤੋਂ ਹੀ ਰਿਨਿਊ ਕਰਨ ਦੀ ਸਿਫਾਰਸ਼ ਕੀਤੀ ਜਾਵੇਗੀ।
3. ਇਹ ਵਿਦਿਆਰਥੀ ਦੀ ਨਿੱਜੀ ਜ਼ਿੰਮੇਵਾਰੀ ਹੋਵੇਗੀ ਕਿ ਲੋੜ ਨਾ ਹੋਣ ਤੇ ਉਹ ਕਾਲਜ ਦੇ ਮੁਖੀ ਤੋਂ ਸਿਫਾਰਸ਼ ਕਰਵਾ ਕੇ ਬੱਸ ਪਾਸ ਪੀ.ਆਰ.ਟੀ.ਸੀ. ਦੇ ਦਫ਼ਤਰ ਵਿੱਚ ਜਮ੍ਹਾਂ ਕਰਵਾਉਣਗੇ।

(ਹਵਾਲਾ : ਮੈਨੇਜਿੰਗ ਡਾਇਰੈਕਟਰ, ਪੀ.ਆਰ.ਟੀ.ਸੀ. ਚੰਡੀਗੜ੍ਹ ਦੇ ਪੱਤਰ ਨੰ. 687/ਪੀ.ਆਰ.ਟੀ.ਸੀ./ਬਜਟ ਮਿਤੀ: 06-01-2009, ਜੋ ਕਿ ਡਾਇਰੈਕਟਰ, ਸਿੱਖਿਆ ਵਿਭਾਗ, (ਕਾਲਜਾਂ) ਪੰਜਾਬ, ਚੰਡੀਗੜ੍ਹ ਦੇ ਦਫ਼ਤਰ ਦੇ ਪਿੱਠ ਅੰਕਣ ਨੰ. 22/32-94 ਕਾ.ਐਜੂ. (3)/288-639 ਮਿਤੀ: 16-03-2009 ਰਾਹੀਂ ਪ੍ਰਾਪਤ ਹੋਇਆ ਹੈ।

# ਕਾਲਜ ਛੱਡਣ ਸੰਬੰਧੀ ਨਿਯਮ

ਜਿਹੜਾ ਵਿਦਿਆਰਥੀ ਕਾਲਜ ਛੱਡਣਾ ਚਾਹੇ, ਉਹ ਕਾਲਜ ਪ੍ਰਿੰਸੀਪਲ ਨੂੰ ਲਿਖਤੀ ਪੱਤਰ ਦੇਵੇਗਾ, ਜਿਸ ਉਪਰ ਉਸਦੇ ਮਾਤਾ/ਪਿਤਾ/ਸਰਪ੍ਰਸਤ ਦੇ ਹਸਤਾਖਰ ਹੋਣੇ ਚਾਹੀਦੇ ਹਨ। ਉਸ ਨੂੰ ਕਾਲਜ ਛੱਡਣ ਤੋਂ ਪਹਿਲਾਂ ਕਾਲਜ ਦੀ ਫੀਸ, ਲਾਇਬਰੇਰੀ ਦੀਆਂ ਕਿਤਾਬਾਂ ਦੀ ਵਾਪਸੀ ਅਤੇ ਹੋਰ ਸਾਰੇ ਹਿਸਾਬ ਚੁਕਾਉਣੇ ਹੋਣਗੇ। ਕਾਲਜ ਵੱਲੋਂ ਸਕਿਓਰਟੀ ਤੋਂ ਇਲਾਵਾ ਹੋਰ ਕੋਈ ਰਕਮ ਵਾਪਸ ਨਹੀਂ ਕੀਤੀ ਜਾਵੇਗੀ।

# ਜੁਰਮਾਨੇ ਦੇ ਨਿਯਮ

ਅਨੁਸ਼ਾਸਨਹੀਣਤਾ ਜਾਂ ਕਾਲਜ ਦੀ ਸੰਪਤੀ ਨੂੰ ਕਿਸੇ ਕਿਸਮ ਦਾ ਨੁਕਸਾਨ ਪਹੁੰਚਾਉਣ ਦੀ ਸੂਰਤ ਵਿੱਚ ਵਿਸ਼ੇਸ਼ ਜੁਰਮਾਨਾ ਕੀਤਾ ਜਾਵੇਗਾ, ਜਿਸਦਾ ਫ਼ੈਸਲਾ ਅਨੁਸ਼ਾਸਨ ਕਮੇਟੀ ਕਰੇਗੀ।

# ਫ਼ੀਸ ਅਦਾਇਗੀ ਦੇ ਨਿਯਮ

ਫ਼ੀਸਾਂ ਅਤੇ ਫੰਡਾਂ ਦੀ ਅਦਾਇਗੀ ਨਿਯਤ ਸਮੇਂ ਕੀਤੀ ਜਾਵੇ, ਨਹੀਂ ਤਾਂ ਵਿਦਿਆਰਥੀ ਦਾ ਨਾਮ ਕੱਟ ਦਿੱਤਾ ਜਾਵੇਗਾ ਅਤੇ ਫਿਰ ਬਕਾਏ ਦੇ ਨਾਲ ਮੁੜ ਦਾਖਲਾ ਫੀਸ ਦੇਣੀ ਪਵੇਗੀ। ਲਾਇਬਰੇਰੀ ਅਤੇ ਹੋਸਟਲ ਦੀ ਸਕਿਉਰਟੀ ਜੇ ਕਾਲਜ ਛੱਡਣ ਦੇ ਇੱਕ ਸਾਲ ਦੇ ਅੰਦਰ ਨਾ ਲਈ ਜਾਵੇ ਤਾਂ ਇਹ ਜਬਤ ਹੋ ਜਾਵੇਗੀ। ਇੱਕ ਵਾਰ ਦਿੱਤੀ ਫੀਸ ਵਾਪਸ ਨਹੀਂ ਹੁੰਦੀ। ਫੀਸ ਨਿਸ਼ਚਿਤ ਮਿਤੀ ਤੱਕ ਜਮ੍ਹਾਂ ਨਾ ਕਰਾਉਣ ਦੀ ਸੂਰਤ ਵਿੱਚ ਸਰਕਾਰੀ ਨਿਯਮਾਂ ਅਨੁਸਾਰ ਜੁਰਮਾਨਾ ਕੀਤਾ ਜਾਂਦਾ ਹੈ। ਯੂਨੀਵਰਸਿਟੀ ਇਮਤਿਹਾਨ ਦੀ ਦਾਖਲਾ ਫੀਸ ਨਿਸ਼ਚਿਤ ਮਿਤੀ ਤੱਕ ਭਰਨੀ ਜਰੂਰੀ ਹੈ ਨਹੀਂ ਤਾਂ ਦਾਖਲਾ ਫਾਰਮ ਯੂਨੀਵਰਸਿਟੀ ਨੂੰ ਨਹੀਂ ਭੇਜਿਆ ਜਾਵੇਗਾ। ਇਸ ਦੀ ਜਿੰਮੇਵਾਰੀ ਵਿਦਿਆਰਥੀ ਦੀ ਹੋਵੇਗੀ।

# ਪੁਨਰ-ਦਾਖਲਾ (ਰੀ-ਐਡਮੀਸ਼ਨ)

ਯੂਨੀਵਰਸਿਟੀ ਨਿਯਮਾਂ ਅਨੁਸਾਰ 10 ਦਿਨ ਲਗਾਤਾਰ ਗ਼ੈਰ-ਹਾਜ਼ਰ ਰਹਿਣ ਵਾਲੇ ਵਿਦਿਆਰਥੀ ਦਾ ਨਾਮ ਕਾਲਜ ਰੋਲ ਤੋਂ ਕੱਟ ਦਿੱਤਾ ਜਾਵੇਗਾ। ਨਾਮ ਕੱਟਣ ਦੀ ਮਿਤੀ ਤੋਂ 10 ਦਿਨਾਂ ਦੇ ਅੰਦਰ ਪ੍ਰਿੰਸੀਪਲ ਦੀ ਆਗਿਆ ਨਾਲ ਪੁਨਰ ਦਾਖਲਾ ਫੀਸ ਭਰਨ ਉਪਰੰਤ ਹੀ ਪੁਨਰ ਦਾਖਲਾ ਦਿੱਤਾ ਜਾਵੇਗਾ। ਪੁਨਰ ਦਾਖਲਾ ਕੇਵਲ ਦੋ ਵਾਰ ਹੀ ਸੰਭਵ ਹੈ। ਇਸ ਤੋਂ ਬਾਅਦ ਵਿਦਿਆਰਥੀ ਦਾ ਨਾਂ ਪੱਕੇ ਤੌਰ ਤੇ ਕਾਲਜ ਵਿੱਚੋਂ ਕੱਟ ਦਿੱਤਾ ਜਾਵੇਗਾ।

# ਛੁੱਟੀ ਬਾਰੇ ਸੂਚਨਾ

1. ਕਾਲਜ ਤੋਂ ਛੁੱਟੀ ਲੈਣ ਲਈ ਅਰਜ਼ੀ ਸੰਬੰਧਿਤ ਟਿਊਟਰ ਰਾਹੀਂ ਪ੍ਰਿੰਸੀਪਲ ਦੀ ਆਗਿਆ ਨਾਲ ਦਫ਼ਤਰ ਵਿੱਚ ਪੇਸ਼ ਕੀਤੀ ਜਾਵੇ।
2. ਹੋਸਟਲ ਵਿੱਚ ਰਹਿਣ ਵਾਲੇ ਵਿਦਿਆਰਥੀ ਦੇ ਮਾਮਲੇ ਵਿੱਚ ਛੁੱਟੀ ਦੀ ਅਰਜ਼ੀ ਤੇ ਹੋਸਟਲ ਵਾਰਡਨ ਦੀ ਸਿਫ਼ਾਰਸ਼ ਕੀਤੀ ਹੋਣੀ ਲਾਜ਼ਮੀ ਹੈ ਅਤੇ ਦੂਸਰੇ ਵਿਦਿਆਰਥੀਆਂ ਦੇ ਸਬੰਧ ਵਿੱਚ ਮਾਤਾ/ਪਿਤਾ/ਸਰਪ੍ਰਸਤ ਵੱਲੋਂ।
3. ਛੁੱਟੀ ਲੈਣ ਦਾ ਮਤਲਬ ਕੇਵਲ ਇਤਨਾ ਹੀ ਹੈ ਕਿ ਉਸਨੂੰ ਗ਼ੈਰ-ਹਾਜ਼ਰੀ ਦਾ ਜੁਰਮਾਨਾ ਨਹੀਂ ਹੋਵੇਗਾ। ਛੁੱਟੀ ਦਾ ਸਬੰਧ ਹਾਜ਼ਰੀ ਤੋਂ ਛੋਟ ਨਾਲ ਨਹੀਂ ਹੈ।
4. ਕਾਲਜ ਨਾਲ ਸੰਬੰਧਿਤ ਕਿਸੇ ਸਰਗਰਮੀ ਵਿੱਚ ਭਾਗ ਲੈਣ ਲਈ ਭੇਜੇ ਗਏ ਵਿਦਿਆਰਥੀ ਸੰਬੰਧਿਤ ਇੰਚਾਰਜ਼/ਪ੍ਰੋਫੈਸਰ ਦੀ ਸ਼ਿਫਾਰਸ ਕਰਵਾ ਕੇ ਆਪਣੀ ਛੁੱਟੀ ਦੀ ਅਰਜ਼ੀ ਮਨਜੂਰ ਕਰਵਾਉਣ ਲਈ ਟਿਊਟਰ ਨੂੰ ਦੇਣ।
5. ਛੁੱਟੀ ਜਾਣ ਤੋਂ ਪਹਿਲਾ ਵਿਦਿਆਰਥੀ ਆਪਣੇ ਵਿਸ਼ਿਆਂ ਨਾਲ ਸੰਬੰਧਤ ਲੈਕਚਰਾਰ ਸਾਹਿਬਾਨ ਨੂੰ ਨੋਟ ਕਰਵਾ ਕੇ ਜਾਣ।
6. ਵੱਖ-ਵੱਖ ਸਰਗਰਮੀਆਂ ਵਿੱਚ ਭਾਗ ਲੈਣ ਵਾਲੇ ਵਿਦਿਆਰਥੀ ਨੂੰ ਚਾਹੀਦਾ ਹੈ ਕਿ ਉਹ ਛੁੱਟੀ ਦੇ ਬਿਨੈ-ਪੱਤਰ ਦੀ ਫੋਟੋ ਕਾਪੀ ਵੀ ਇੰਚਾਰਜ਼ ਅਤੇ ਟਿਊਟਰ ਦੇ ਹਸਤਾਖਰ ਕਰਵਾ ਕੇ ਆਪਣੇ ਪਾਸ ਰੱਖਣ। ਇਸ ਤੋਂ ਬਿਨਾਂ ਹਾਜ਼ਰੀ ਦੀ ਘਾਟ ਪੂਰੀ ਨਹੀਂ ਕੀਤੀ ਜਾਵੇਗੀ। ਹਾਜ਼ਰੀਆਂ ਦੀ ਸਹੂਲਤ ਕੇਵਲ ਕਾਲਜ ਵੱਲੋਂ ਭੇਜੇ ਗਏ ਅਧਿਕਾਰਤ ਵਿਦਿਆਰਥੀ ਨੂੰ ਮਿਲਦੀ ਹੈ।

# ਘਰੇਲੂ ਪ੍ਰੀਖਿਆਵਾਂ ਸਬੰਧੀ ਨਿਯਮ

ਪਹਿਲੇ, ਤੀਜੇ, ਪੰਜਵੇਂ ਅਤੇ ਸੱਤਵੇਂ ਸਮੈਸਟਰ ਪ੍ਰਣਾਲੀ ਦੀਆਂ ਘਰੇਲੂ ਪ੍ਰੀਖਿਆਵਾਂ ਅੰਦਾਜ਼ਨ ਸਤੰਬਰ ਦੇ ਦੂਜੇ ਹਫਤੇ ਅਤੇ ਨਵੰਬਰ ਦੇ ਪਹਿਲੇ ਹਫਤੇ ਹੋਣਗੀਆਂ। ਦੂਜੇ, ਚੌਥੇ, ਛੇਵੇਂ ਅਤੇ ਅੱਠਵੇਂ ਸਮੈਸਟਰ ਦੀਆਂ ਪ੍ਰੀਖਿਆਵਾਂ ਮਾਰਚ ਦੇ ਦੂਜੇ ਹਫਤੇ ਅਤੇ ਅਪ੍ਰੈਲ ਦੇ ਦੂਜੇ ਹਫਤੇ ਵਿੱਚ ਹੋਣਗੀਆਂ। ਸਲਾਨਾ ਪ੍ਰਣਾਲੀ ਦੀਆਂ ਘਰੇਲੂ ਪ੍ਰੀਖਿਆਵਾਂ ਦਸੰਬਰ ਦੇ ਮਹੀਨੇ ਦੂਜੇ ਹਫਤੇ ਵਿੱਚ ਹੋਣਗੀਆਂ । ਇਹਨਾਂ ਪ੍ਰੀਖਿਆਵਾਂ ਦੇ ਆਧਾਰ 'ਤੇ ਯੂਨੀਵਰਸਿਟੀ ਦੀ ਪ੍ਰੀਖਿਆ ਲਈ ਦਾਖਲਾ ਭੇਜਿਆ ਜਾਵੇਗਾ। ਇਸ ਸਬੰਧੀ ਨਿਯਮ ਇਸ ਪ੍ਰਕਾਰ ਹੋਣਗੇ:-

1. ਬੀ.ਏ./ਬੀ.ਐਸ.ਸੀ. (ਮੈਡੀਕਲ/ਨਾਨ-ਮੈਡੀਕਲ)/ਬੀ.ਕਾਮ. ਭਾਗ ਪਹਿਲਾ, ਦੂਜਾ, ਤੀਜਾ ਅਤੇ ਬੀ.ਐਸ.ਸੀ. (ਖੇਤੀਬਾੜੀ) ਭਾਗ ਪਹਿਲਾ, ਦੂਜਾ, ਤੀਜਾ ਅਤੇ ਚੌਥਾ ਵਿੱਚ ਪੜ੍ਹਦੇ ਵਿਦਿਆਰਥੀ ਯੂਨੀਵਰਸਿਟੀ ਦੀ ਸਮੈਸਟਰ ਪ੍ਰੀਖਿਆ ਵਿੱਚ ਤਾਂ ਹੀ ਬੈਠ ਸਕਦੇ ਹਨ ਜੇਕਰ ਉਹਨਾਂ ਘਰੇਲੂ ਪ੍ਰੀਖਿਆਵਾਂ ਵਿੱਚੋਂ ਸਾਰੇ ਵਿਸ਼ਿਆਂ ਦੇ ਕੁੱਲ ਅੰਕਾਂ ਵਿੱਚੋਂ ਘੱਟੋ-ਘੱਟ 33 ਪ੍ਰਤੀਸ਼ਤ ਅੰਕ ਪ੍ਰਾਪਤ ਕੀਤੇ ਹੋਣ ਜਾਂ ਵੱਖ-ਵੱਖ ਵਿਸ਼ਿਆਂ ਵਿੱਚ ਘੱਟੋ-ਘੱਟ 25 ਪ੍ਰਤੀਸ਼ਤ ਅੰਕ ਪ੍ਰਾਪਤ ਕੀਤੇ ਹੋਣ।
2. ਜੋ ਵਿਦਿਆਰਥੀ ਅਚੂਕ ਕਾਰਨਾਂ ਕਰਕੇ ਇਸ ਘਰੇਲੂ ਪ੍ਰੀਖਿਆ ਵਿੱਚ ਨਹੀਂ ਬੈਠ ਸਕਣਗੇ ਜਾਂ ਉਹ ਉਪਰ ਲਿਖੀਆਂ ਸ਼ਰਤਾਂ ਪੂਰੀਆਂ ਨਹੀਂ ਕਰਦੇ, ਉਹਨਾਂ ਲਈ ਜੇ ਪ੍ਰਿੰਸੀਪਲ ਚਾਹੁਣ ਤਾਂ ਇੱਕ ਵਿਸ਼ੇਸ਼ ਪ੍ਰੀਖਿਆ (ਸਪੈਸ਼ਲ ਟੈਸਟ) ਦਾ ਮੌਕਾ ਦਿੱਤਾ ਜਾ ਸਕਦਾ ਹੈ। ਵਿਦਿਆਰਥੀ ਨੂੰ ਕਾਲਜ ਵੱਲੋਂ ਸਪੈਸ਼ਲ ਟੈਸਟ ਦੀ ਨਿਰਧਾਰਤ ਫੀਸ ਜਮ੍ਹਾਂ ਕਰਵਾਉਣੀ ਹੋਵੇਗੀ। ਪਰ ਸਮੈਸਟਰ ਪ੍ਰੀਖਿਆ ਵਿੱਚ ਬੈਠਣ ਦੀਆਂ ਸ਼ਰਤਾਂ ਉੱਪਰ ਲਿਖੀਆਂ ਹੀ ਹੋਣਗੀਆਂ।

3. ਘਰੇਲੂ ਪ੍ਰੀਖਿਆ ਸਮੇਂ ਛੁੱਟੀ ਕੇਵਲ ਬਿਮਾਰੀ ਦੀ ਹਾਲਤ ਵਿੱਚ ਹੀ ਦਿੱਤੀ ਜਾਵੇਗੀ। ਇਸ ਲਈ ਅਰਜ਼ੀ ਨਾਲ ਮੈਡੀਕਲ ਅਫ਼ਸਰ ਦਾ ਪ੍ਰਮਾਣ-ਪੱਤਰ ਲਗਾ ਕੇ ਛੁੱਟੀ ਕੇਵਲ ਪ੍ਰਿੰਸੀਪਲ ਤੋਂ ਐਡਵਾਂਸ ਵਿੱਚ ਮੰਨਜੂਰ ਕਰਵਾਈ ਜਾਵੇ। ਇਹ ਸੂਚਨਾ ਤੁਰੰਤ ਪ੍ਰੀਖਿਆ ਦੌਰਾਨ ਹੀ ਦਿੱਤੀ ਜਾਵੇ। ਬਿਮਾਰੀ ਦੀ ਛੁੱਟੀ ਕਾਰਨ ਇਮਤਿਹਾਨਾਂ ਦੀ ਕੰਡੀਸ਼ਨਾਂ ਵਿੱਚ ਛੋਟ ਨਹੀਂ ਹੋਵੇਗੀ।
4. ਛੁੱਟੀ ਲਏ ਬਿਨਾਂ ਘਰੇਲੂ ਪ੍ਰੀਖਿਆਵਾਂ ਵਿੱਚ ਗ਼ੈਰ-ਹਾਜ਼ਰ ਰਹਿਣ ਵਾਲੇ ਵਿਦਿਆਰਥੀ ਨੂੰ ਪ੍ਰਤੀ ਪਰਚਾ, ਕਾਲਜ ਵੱਲੋਂ ਨਿਸ਼ਚਿਤ ਕੀਤਾ ਗਿਆ ਜੁਰਮਾਨਾ ਦੇਣਾ ਪਵੇਗਾ।
5. ਘਰੇਲੂ ਪ੍ਰੀਖਿਆ ਅਤੇ ਸਪੈਸ਼ਲ ਪ੍ਰੀਖਿਆ ਵਿੱਚ ਨਕਲ ਕਰਨ ਵਾਲੇ ਵਿਦਿਆਰਥੀ ਦਾ ਕੇਸ ਯੂ.ਐਮ.ਸੀ. ਕਮੇਟੀ ਕੋਲ ਅਗਲੇਰੀ ਕਾਰਵਾਈ ਲਈ ਭੇਜਿਆ ਜਾਵੇਗਾ ਅਤੇ ਉਸ ਨੂੰ ਕਾਲਜ ਵੱਲੋਂ ਦਿੱਤੀਆਂ ਰਿਆਇਤਾਂ (ਫੀਸਾਂ ਅਤੇ ਵਜ਼ੀਫ਼ੇ ਆਦਿ) ਖਤਮ ਕਰ ਦਿੱਤੀਆਂ ਜਾਣਗੀਆਂ।
6. ਜਿਹਨਾਂ ਵਿਦਿਆਰਥੀਆਂ ਦੇ ਨਾਮ ਕੱਟੇ ਗਏ ਹਨ ਉਹਨਾਂ ਵਿਦਿਆਰਥੀਆਂ ਲਈ ਘਰੇਲੂ ਪ੍ਰੀਖਿਆਵਾਂ ਸ਼ੁਰੂ ਹੋਣ ਤੋਂ 10 ਦਿਨ ਪਹਿਲਾਂ ਪੁਨਰ-ਦਾਖਲਾ ਕਰਵਾਉਣਾ ਲਾਜ਼ਮੀ ਹੋਵੇਗਾ। ਨਹੀਂ ਤਾਂ ਉਹਨਾਂ ਨੂੰ ਘਰੇਲੂ ਪ੍ਰੀਖਿਆ ਵਿੱਚ ਬੈਠਣ ਦੀ ਆਗਿਆ ਨਹੀਂ ਹੋਵੇਗੀ।

## ਹਾਜ਼ਰੀਆਂ ਸੰਬੰਧੀ ਨਿਯਮ

1. ਹਰ ਵਿਦਿਆਰਥੀ ਲਈ ਥਿਊਰੀ ਅਤੇ ਪ੍ਰੈਕਟੀਕਲ ਵਿੱਚ 75 ਪ੍ਰਤੀਸ਼ਤ ਹਾਜ਼ਰੀਆਂ ਜਰੂਰੀ ਹਨ। ਜੇ ਥਿਊਰੀ ਵਿੱਚ 15 ਪ੍ਰਤੀਸ਼ਤ ਤੋਂ ਵੱਧ ਅਤੇ ਪ੍ਰੈਕਟੀਕਲ ਵਿੱਚ 7 ਪ੍ਰਤੀਸ਼ਤ ਤੋਂ ਵੱਧ ਲੈਕਚਰ ਘੱਟ ਹੋਣ ਤਾਂ ਉਹ ਵਿਦਿਆਰਥੀ ਯੂਨੀਵਰਸਿਟੀ ਦੀ ਪ੍ਰੀਖਿਆ ਨਹੀਂ ਦੇ ਸਕੇਗਾ।
2. ਪ੍ਰਿੰਸੀਪਲ ਨੂੰ ਕੁੱਝ ਖਾਸ ਕਾਰਨਾਂ ਕਰਕੇ ਘੱਟ ਹਾਜ਼ਰੀਆਂ ਨੂੰ ਪੂਰਾ ਕਰਨ ਦਾ ਅਧਿਕਾਰ ਹੈ ਪਰ ਇਸ ਛੋਟ ਲਈ ਵਿਦਿਆਰਥੀ ਦੇ ਘੱਟੋ-ਘੱਟ 50 ਪ੍ਰਤੀਸ਼ਤ ਲੈਕਚਰ ਹੋਣੇ ਜ਼ਰੂਰੀ ਹਨ। ਇਸ ਮੱਦ ਅਧੀਨ ਪ੍ਰਿੰਸੀਪਲ ਕੇਵਲ 12 ਪ੍ਰਤੀਸ਼ਤ ਲੈਚਕਰ ਮੁਆਫ਼ ਕਰ ਸਕਦੇ ਹਨ।
3. ਛੁੱਟੀ ਲੈਣ ਦਾ ਮਤਲਬ ਕੇਵਲ ਇਤਨਾ ਹੀ ਹੈ ਕਿ ਉਸਨੂੰ ਗ਼ੈਰ-ਹਾਜ਼ਰੀ ਦਾ ਜੁਰਮਾਨਾ ਨਹੀਂ ਹੋਵੇਗਾ। ਛੁੱਟੀ ਦਾ ਸੰਬੰਧ ਹਾਜ਼ਰੀਆਂ ਦੀ ਛੋਟ ਨਾਲ ਨਹੀਂ ਹੈ। ਲੈਕਚਰ ਸ਼ਾਰਟੇਜ਼ ਬਾਰੇ ਸੂਚਨਾ ਸਮੇਂ-ਸਿਰ ਦਿੱਤੀ ਜਾਵੇਗੀ ਅਤੇ ਘੱਟ ਲੈਕਚਰ ਵਾਲੇ ਵਿਦਿਆਰਥੀ ਦਾ ਰੋਲ ਨੰਬਰ ਰੋਕ ਲਿਆ ਜਾਵੇਗਾ।

## ਇਨਾਮਾਂ ਸੰਬੰਧੀ ਨਿਯਮ

**ਯੂਨੀਵਰਸਿਟੀ ਪ੍ਰੀਖਿਆਵਾਂ ਦੇ ਆਧਾਰ ਤੇ :-**

ਯੂਨੀਵਰਸਿਟੀ ਪ੍ਰੀਖਿਆਵਾਂ ਵਿੱਚ ਪਹਿਲੇ, ਦੂਜੇ ਸਥਾਨ ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਇਨਾਮ ਦਿੱਤੇ ਜਾਣਗੇ।

(60 ਪ੍ਰਤੀਸ਼ਤ) ਤੋਂ ਵੱਧ ਅੰਕ ਕੁਲ ਜੋੜ (ਐਗਰੀਗੇਟ ਅਤੇ ਵੱਖ ਵੱਖ ਵਿਸ਼ਿਆਂ) ਵਿੱਚ (ਪਹਿਲਾ ਅਤੇ ਦੂਜਾ ਸਥਾਨ) ਪ੍ਰਾਪਤ ਕਰਨ ਵਾਲੇ ਵਿਦਿਆਰਥੀ ਨੂੰ ਇਨਾਮ ਦਿੱਤੇ ਜਾਣਗੇ।

## ਕਾਲਜ ਪੁਰਸਕਾਰ

## ਰੋਲ ਆਫ਼ ਆਨਰ

1. ਜਿਹੜੇ ਵਿਦਿਆਰਥੀ ਵਿੱਦਿਅਕ, ਖੇਡਾਂ, ਸੱਭਿਆਚਾਰਕ ਗਤੀਵਿਧੀਆਂ, ਰਾਸ਼ਟਰੀ ਸੇਵਾ ਯੋਜਨਾ ਅਤੇ ਰੈਡ ਕਰਾਸ ਆਦਿ ਖੇਤਰ ਵਿੱਚ ਵਿਸ਼ੇਸ਼ਤਾ ਪ੍ਰਾਪਤ ਕਰਦੇ ਹਨ, ਉਹਨਾਂ ਦੇ ਨਾਮ ਕਾਲਜ ਦੇ ਰੋਲ ਆਫ਼ ਆਨਰ ਪੁਸਤਕ ਵਿੱਚ ਅੰਕਿਤ ਕੀਤੇ ਜਾਂਦੇ ਹਨ ਇਹਨਾਂ ਲਈ ਹੇਠ ਲਿਖੇ ਨਿਯਮ ਲਾਗੂ ਹੋਣਗੇ।

**(ੳ) ਅਕਾਦਮਿਕ :**

1. ਯੂਨੀਵਰਸਿਟੀ ਪ੍ਰੀਖਿਆਵਾਂ ਵਿੱਚੋਂ ਬੀ.ਏ./ਬੀ.ਐਸ.ਸੀ. (ਮੈਡੀਕਲ/ਨਾਨ-ਮੈਡੀਕਲ/ਖੇਤੀਬਾੜੀ)/ਬੀ.ਕਾਮ./ ਬੀ.ਸੀ.ਏ, ਐਮ.ਏ. (ਪੰਜਾਬੀ, ਅਰਥ-ਵਿਗਿਆਨ ਅਤੇ ਅੰਗ੍ਰੇਜ਼ੀ)/ਐਮ.ਐਸ.ਸੀ. (ਕੈਮਿਸਟਰੀ) ਦੀ ਹਰ ਕਲਾਸ ਵਿੱਚੋਂ ਯੂਨੀਵਰਸਿਟੀ ਵਿੱਚੋਂ ਹੇਠ ਲਿਖੇ ਅਨੁਸਾਰ ਪੋਜ਼ੀਸ਼ਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਨੂੰ ਰੋਲ ਆਫ਼ ਆਨਰ ਦਿੱਤੇ ਜਾਣਗੇ।
   ੳ. ਖੇਤੀਬਾੜੀ ਦੇ ਹਰ ਸਾਲ ਦੇ ਇਮਤਿਹਾਨ ਦੀ ਯੂਨੀਵਰਸਿਟੀ ਮੈਰਿਟ ਲਿਸਟ ਵਿੱਚੋਂ ਪਹਿਲੇ ਪੰਜ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ।
   ਅ. ਕਮਰਸ ਅਤੇ ਸਾਇੰਸ ਦੇ ਹਰ ਸਾਲ ਦੇ ਇਮਤਿਹਾਨ ਦੀ ਯੂਨੀਵਰਸਿਟੀ ਮੈਰਿਟ ਲਿਸਟ ਵਿੱਚੋਂ ਪਹਿਲੇ ਪੰਜ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ।

ਏ. ਹਿਊਮੈਨਟੀਜ਼ ਗਰੁੱਪ ਦੇ ਹਰ ਸਾਲ ਦੇ ਇਮਤਿਹਾਨ ਦੀ ਯੂਨੀਵਰਸਿਟੀ ਮੈਰਿਟ ਲਿਸਟ ਵਿੱਚੋਂ ਪਹਿਲੇ ਦਸ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ।

ਸ. ਐਮ.ਏ. (ਪੰਜਾਬੀ ਅਤੇ ਅਰਥ-ਵਿਗਿਆਨ) ਅਤੇ ਐਮ.ਐਸ.ਸੀ. (ਕਮਿਸਟਰੀ) ਵਿੱਚੋਂ ਯੂਨੀਵਰਸਿਟੀ ਮੈਰਿਟ ਲਿਸਟ ਵਿੱਚੋਂ ਪਹਿਲੇ ਦੋ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ।

**(ਅ) ਖੇਡਾਂ :**

1. ਇੰਟਰਨੈਸ਼ਨਲ ਜਾਂ ਅੰਤਰ-ਯੂਨੀਵਰਸਿਟੀ ਮੁਕਾਬਲੇ ਲਈ ਕਿਸੇ ਟੀਮ ਦਾ ਮੈਂਬਰ ਜਾਂ ਵਿਅਕਤੀਗਤ ਖਿਡਾਰੀ।
2. ਰਾਸ਼ਟਰੀ/ਸਟੇਟ ਯੂਨੀਵਰਸਿਟੀ ਟੀਮ ਦਾ ਕਪਤਾਨ।
3. ਆਲ ਇੰਡੀਆ ਅੰਤਰ-ਯੂਨੀਵਰਸਿਟੀ/ਨੈਸ਼ਨਲ ਪੱਧਰ ਤੇ ਹੋਣ ਵਾਲੇ ਟੀਮ ਖੇਡ ਮੁਕਾਬਲਿਆਂ ਵਿੱਚ (ਵਿਅਕਤੀਗਤ ਜਾਂ ਟੀਮ ਦਾ ਮੈਂਬਰ) ਵਿੱਚ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲਾ।
4. ਐਥਲੈਟਿਕਸ ਵਿੱਚ ਰਾਸ਼ਟਰੀ/ਅੰਤਰ-ਰਾਜੀ/ਯੂਨੀਵਰਸਿਟੀ/ਸਟੇਟ ਪੱਧਰ (ਪ੍ਰਵਾਨਿਤ) ਦੇ ਮੁਕਾਬਲੇ ਵਿੱਚ
   ਦਸ ਅੰਕ (ਰਿਲੇਅ ਤੋਂ ਬਿਨਾਂ) ਪ੍ਰਾਪਤ ਕਰਨ ਵਾਲਾ ਵਿਦਿਆਰਥੀ।

   (ਨੋਟ: ਕੇਵਲ ਉਹਨਾਂ ਮੁਕਾਬਲਿਆਂ ਨੂੰ ਮਾਨਤਾ ਦਿੱਤੀ ਜਾਵੇਗੀ ਜਿਹੜੇ ਪੰਜਾਬੀ ਯੂਨੀਵਰਸਿਟੀ, ਪਟਿਆਲਾ/ਅੰਤਰ ਯੂਨੀਵਰਸਿਟੀ/ਪੰਜਾਬ ਸਰਕਾਰ ਵੱਲੋਂ ਪ੍ਰਵਾਨ ਹੋਣਗੇ ਤੇ ਜਿਹਨਾਂ ਮੁਕਾਬਲਿਆਂ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਕਾਲਜ ਵੱਲੋਂ ਭੇਜਿਆ ਹੋਵੇ)

**(ੲ) ਸੱਭਿਆਚਾਰਕ ਗਤੀਵਿਧੀਆ :-**

1. ਅੰਤਰਵਰਸਿਟੀ/ਅੰਤਰ ਰਾਜ ਪੱਧਰੀ ਮੁਕਾਬਲਿਆਂ ਵਿੱਚ ਪਹਿਲਾ, ਦੂਜਾ ਅਤੇ ਤੀਜਾ ਸਥਾਨ।
2. ਯੂਨੀਵਰਸਿਟੀ ਪੱਧਰ ਤੇ 2 ਗੋਲਡ ਮੈਡਲ ਲੈਣ ਵਾਲਾ ਵਿਦਿਆਰਥੀ।

**(ਸ) ਯੂਥ ਰੈਡ ਕਰਾਸ ਯੂਨਿਟ :-**

1. ਅੰਤਰਵਰਸਿਟੀ/ਅੰਤਰ ਰਾਜ ਪੱਧਰੀ ਮੁਕਾਬਲਿਆਂ ਵਿੱਚੋਂ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲਾ ਵਲੰਟੀਅਰ।

## ਕਾਲਜ ਕਲਰ

**(ੳ) ਅਕਾਦਮਿਕ :**

1. ਯੂਨੀਵਰਸਿਟੀ ਦੀ ਪ੍ਰੀਖਿਆ ਵਿੱਚ ਮੈਰਿਟ ਲਿਸਟ ਵਿੱਚ ਕੋਈ ਵੀ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਨੂੰ ਕਾਲਜ ਕਲਰ ਦਿੱਤਾ ਜਾਵੇਗਾ।

**(ਅ) ਖੇਡਾਂ :**

1. ਯੂਨੀਵਰਸਿਟੀ ਚੈਂਪੀਅਨ ਟੀਮ ਲਈ 100 ਪ੍ਰਤੀਸ਼ਤ, ਯੂਨੀਵਰਸਿਟੀ ਵਿੱਚੋਂ ਦੂਜਾ ਸਥਾਨ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਲਈ ਟੀਮ ਵਿੱਚ ਕ੍ਰਮਵਾਰ 60 ਪ੍ਰਤੀਸ਼ਤ ਅਤੇ 40 ਪ੍ਰਤੀਸ਼ਤ ਖਿਡਾਰੀਆਂ ਨੂੰ।
2. ਯੂਨੀਵਰਸਿਟੀ ਚੈਂਪੀਅਨ ਟੀਮ ਲਈ 100 ਪ੍ਰਤੀਸ਼ਤ, ਯੂਨੀਵਰਸਿਟੀ 'ਚੋਂ ਦੂਜਾ ਸਥਾਨ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲੀ ਟੀਮ ਵਿੱਚ ਕ੍ਰਮਵਾਰ 60 ਪ੍ਰਤੀਸ਼ਤ ਅਤੇ 40 ਪ੍ਰਤੀਸ਼ਤ ਖਿਡਾਰੀਆਂ ਨੂੰ।
3. ਜੇ ਟੀਮ ਤੀਜਾ ਸਥਾਨ ਨਾ ਪ੍ਰਾਪਤ ਕਰ ਸਕੇ ਤਾਂ ਜੋਨਲ ਚੈਂਪੀਅਨ ਟੀਮਾਂ ਵਿੱਚ ਮੇਜ਼ਰ ਖੇਡਾਂ ਲਈ ਅਤੇ ਦੂਜਿਆਂ ਲਈ ਇੱਕ ਖਿਡਾਰੀ।
4. ਯੂਨੀਵਰਸਿਟੀ ਅੰਤਰ ਕਾਲਜ ਪੱਧਰ ਤੇ ਵਿਅਕਤੀਗਤ ਖੇਡ ਮੁਕਾਬਲੇ ਵਿੱਚ ਪੰਜ ਅੰਕ ਪ੍ਰਾਪਤ ਕਰਨ ਵਾਲਾ ਵਿਦਿਆਰਥੀ।
5. ਕਾਲਜ ਦੇ ਸਲਾਨਾ ਖੇਡ ਮੁਕਾਬਲੇ ਵਿੱਚ ਸਰਵੋਤਮ ਰਹਿਣ ਵਾਲਾ ਐਥਲੀਟ (ਲੜਕਾ/ਲੜਕੀ)।
6. ਸਟੇਟ/ਯੂਨੀਵਰਸਿਟੀ ਟੀਮ ਦਾ ਮੈਂਬਰ।
7. ਸਟੇਟ ਵਿੱਚ ਪਹਿਲਾ ਅਤੇ ਦੂਜਾ ਸਥਾਨ ਪ੍ਰਾਪਤ ਕਰਨ ਵਾਲਾ ਖਿਡਾਰੀ।

ਨੋਟ:

(ੳ) ਵਾਲੀਬਾਲ, ਬਾਸਕਟਬਾਲ ਅਤੇ ਬਾਕੀ ਖੇਡਾਂ ਲਈ 12 ਖਿਡਾਰੀ ਮੰਨ ਕੇ 3 ਦਾ ਲਾਭ ਵਿਦਿਆਰਥੀ ਨੂੰ ਦਿੱਤਾ ਜਾਵੇਗਾ। ਰੋਲ ਆਫ਼ ਆਨਰ ਪ੍ਰਾਪਤ ਕਰਨ ਵਾਲਾ ਵਿਦਿਆਰਥੀ ਗਿਣਤੀ ਵਿੱਚ ਸ਼ਾਮਲ ਹੋਵੇਗਾ।

(ਅ) ਅੱਠ ਜਾਂ ਇਸ ਤੋਂ ਵੱਧ ਮੈਂਬਰਾਂ ਵਾਲੀ ਟੀਮ ਨੂੰ ਮੇਜ਼ਰ ਅਤੇ ਇਸ ਤੋਂ ਘੱਟ ਮੈਂਬਰਾਂ ਵਾਲੀ ਟੀਮ ਨੂੰ ਮਾਈਨਰ ਮੰਨ ਕੇ 3 ਦਾ ਲਾਭ ਵਿਦਿਆਰਥੀ ਨੂੰ ਦਿੱਤਾ ਜਾਵੇਗਾ।

(ੲ) ਸੱਭਿਆਚਾਰਕ ਗਤੀਵਿਧੀਆ:-

1. ਯੂਨੀਵਰਸਿਟੀ ਵਿੱਚ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲੀ ਟੀਮ ਨੂੰ ਕ੍ਰਮਵਾਰ 100%, 60% ਅਤੇ 40% ਪ੍ਰਤੀਸ਼ਤ
2. ਜੇ ਟੀਮ ਤੀਜਾ ਸਥਾਨ ਪ੍ਰਾਪਤ ਨਾ ਕਰ ਸਕੇ ਤਾਂ ਜ਼ੋਨਲ ਚੈਂਪੀਅਨ ਟੀਮਾਂ ਵਿੱਚ ਮੇਜ਼ਰ ਅਤੇ ਮਾਈਨਰ ਟੀਮ
   ਲਈ ਕ੍ਰਮਵਾਰ 2 ਅਤੇ 1 ਵਿਦਿਆਰਥੀ।
3. ਅੰਤਰ ਕਾਲਜ ਮੁਕਾਬਲਿਆਂ ਵਿੱਚ 15 ਅੰਕ (ਪਹਿਲਾ, ਦੂਜਾ ਅਤੇ ਤੀਜੇ ਸਥਾਨ ਲਈ ਕ੍ਰਮਵਾਰ 5, 3, ਅਤੇ 2 ਅੰਕ ਮੰਨ ਕੇ ਟਰਾਫ਼ੀ ਜੇਤੂ ਕੋਈ ਪੁਜ਼ੀਸਨ ਨਾ ਆਉਣ 'ਤੇ 1 ਅੰਕ ਦਿੱਤਾ ਜਾਵੇਗਾ) ਪ੍ਰਾਪਤ ਕਰਨ ਵਾਲਾ ਵਿਦਿਆਰਥੀ।
4. ਯੂਨੀਵਰਸਿਟੀ ਟੀਮ ਦਾ ਮੈਂਬਰ।

**(ਸ) ਐਨ.ਐਸ.ਐਸ. :-**

1. ਦਸ ਦਿਨਾਂ ਦਾ ਕੈਂਪ ਅਤੇ ਰੈਗੂਲਰ ਗਤੀਵਿਧੀਆਂ ਦੇ 120 ਘੰਟੇ ਪੂਰੇ ਕਰਨ ਉਪਰੰਤ ਅੰਤਰ ਕਾਲਜ ਕੈਂਪ/ਮੁਕਾਬਲਾ ਇਕੱਤਰਤਾ ਵਿੱਚ ਪਹਿਲਾ, ਦੂਜਾ ਅਤੇ ਤੀਜਾ ਜਾਂ ਵਿਸ਼ੇਸ਼ ਇਨਾਮ ਸ਼ਲਾਘਾ ਸਰਟੀਫਿਕੇਟ ਪ੍ਰਾਪਤ ਕਰਨ ਵਾਲਾ ਵਲੰਟੀਅਰ।
2. ਯੂਨਿਟ ਦਾ ਸਰਵੋਤਮ ਜਾਂ ਬੈਸਟ ਵਲੰਟੀਅਰ।
3. ਸਭ ਤੋਂ ਵੱਧ ਕੈਂਪ ਲਗਾਉਣ ਵਾਲਾ ਵਲੰਟੀਅਰ।
4. ਅੰਤਰ ਯੂਨੀਵਰਸਿਟੀ ਅਤੇ ਅੰਤਰ ਰਾਜੀ ਮੁਕਾਬਲਿਆਂ ਲਈ ਯੂਨੀਵਰਸਿਟੀ ਟੀਮ ਮੈਂਬਰ।

(ਨੋਟ : ਉਪਰੋਕਤ ਸਨਮਾਨਾਂ ਲਈ ਸੰਬੰਧਤ ਪ੍ਰੋਗਰਾਮ ਅਫ਼ਸਰ ਦੀਆਂ ਸਿਫਾਰਸ਼ਾਂ ਅਤੇ ਮੁੱਖ ਪ੍ਰੋਗਰਾਮ ਅਫ਼ਸਰ ਦੀ ਪ੍ਰਵਾਨਗੀ ਜਰੂਰੀ ਹੈ।)

(ਹ) ਯੂਥ ਰੈਡ ਕਰਾਸ ਯੂਨਿਟ :-

1. ਅੰਤਰ ਕਾਲਜ ਪ੍ਰਤੀਯੋਗਤਾ/ਯੂਨੀਵਰਸਿਟੀ ਵਿੱਚੋਂ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲਾ ਜਾਂ ਵਿਸ਼ੇਸ਼ ਇਨਾਮ ਜਾਂ ਸਰਟੀਫਿਕੇਟ ਪ੍ਰਾਪਤ ਕਰਨ ਵਾਲਾ ਵਲੰਟੀਅਰ।

## ਮੈਰਿਟ ਸਰਟੀਫਿਕੇਟ

1. ਮੈਰਿਟ ਸਰਟੀਫਿਕੇਟ ਉਸ ਵਿਦਿਆਰਥੀ ਨੂੰ ਪ੍ਰਦਾਨ ਕੀਤਾ ਜਾਂਦਾ ਹੈ ਜਿਸ ਨੇ ਸੱਭਿਆਚਾਰਕ ਮੁਕਾਬਲਿਆਂ ਵਿੱਚ ਹੇਠਾਂ ਦੱਸੇ ਅਨੁਸਾਰ ਘੱਟੋ-ਘੱਟ 5 ਅੰਕ ਪ੍ਰਾਪਤ ਕੀਤੇ ਹੋਣ (ਹਰੇਕ ਟਰਾਫ਼ੀ ਦੇ 2 ਅੰਕ, ਪਹਿਲੇ ਇਨਾਮ 3 ਅੰਕ, ਦੂਜੇ ਇਨਾਮ ਦੇ 2 ਅੰਕ, ਤੀਜੇ ਇਨਾਮ ਦਾ 1 ਅੰਕ)
2. ਖੇਤਰੀ ਯੁਵਕ ਮੇਲੇ ਵਿੱਚ ਪਹਿਲਾ ਜਾਂ ਦੂਜੇ ਸਥਾਨ ਤੇ ਆਉਣ ਵਾਲੀ ਟੀਮ ਦੇ ਉਹ ਮੈਂਬਰ ਹੱਕਦਾਰ ਹੋਣਗੇ ਜਿੰਨ੍ਹਾਂ ਨੂੰ ਕਾਲਜ ਕਲਰ ਨਹੀਂ ਮਿਲਿਆ।
3. ਅੰਤਰ ਖੇਤਰੀ ਯੁਵਕ ਮੇਲੇ ਵਿੱਚ ਦੂਸਰੇ ਸਥਾਨ 'ਤੇ ਆਉਣ ਵਾਲੀ ਟੀਮ ਦੇ ਉਹ ਮੈਂਬਰ ਜਿੰਨ੍ਹਾਂ ਨੂੰ ਕਾਲਜ ਕਲਰ ਨਹੀਂ ਮਿਲਿਆ।

**ਵਿਸ਼ੇਸ਼ ਨੋਟ :-**

1. ਸਲਾਨਾ ਇਨਾਮ ਵੰਡ ਸਮਾਰੋਹ ਵਿੱਚ ਇਨਾਮ ਨਾ ਪ੍ਰਾਪਤ ਕਰ ਸਕਣ ਵਾਲਾ ਵਿਦਿਆਰਥੀ 10 ਦਿਨਾਂ ਦੇ ਅੰਦਰ-ਅੰਦਰ ਆਪਣਾ ਇਨਾਮ ਪ੍ਰਾਪਤ ਕਰ ਸਕਦਾ ਹੈ। ਇਸ ਤੋਂ ਬਾਅਦ ਉਸ ਨੂੰ ਇਨਾਮ ਨਹੀਂ ਦਿੱਤਾ ਜਾਵੇਗਾ।
2. ਜਿੰਨ੍ਹਾਂ ਵਿਦਿਆਰਥੀਆਂ ਨੇ ਆਪਣੇ ਯੂਨੀਵਰਸਿਟੀ ਪੇਪਰਾਂ ਦੀ ਪੁਨਰ ਪੜ੍ਹਤਾਲ ਆਦਿ ਕਰਵਾਈ ਹੋਵੇ, ਉਹ ਆਪਣਾ ਸੋਧਿਆ ਨਤੀਜਾ ਪ੍ਰਿੰਸੀਪਲ/ਰਜਿਸਟਰਾਰ ਕਾਲਜ ਨੂੰ 31 ਜਨਵਰੀ ਤੋਂ ਪਹਿਲਾਂ-ਪਹਿਲਾਂ ਦੇ ਦੇਣ।

3. ਇਨਾਮ ਵਿਸ਼ੇਸ਼ ਕਰ, ਰੋਲ ਆਫ਼ ਆਨਰ ਜੇਤੂ ਵਿਦਿਆਰਥੀ ਖੁਦ ਆਪ ਹੀ ਪ੍ਰਾਪਤ ਕਰਨਗੇ।
4. ਜਿਹੜੇ ਵਿਦਿਆਰਥੀ ਘਰੇਲੂ ਪ੍ਰੀਖਿਆਵਾਂ ਦੌਰਾਨ ਕਾਲਜ ਵੱਲੋਂ ਵੱਖ-ਵੱਖ ਗਤੀਵਿਧੀਆਂ ਵਿੱਚ ਭਾਗ ਲੈਣ ਲਈ ਭੇਜੇ ਜਾਣਗੇ, ਉਹਨਾਂ ਵਿਦਿਆਰਥੀਆਂ ਨੂੰ ਘਰੇਲੂ ਇਮਤਿਹਾਨਾਂ ਵਿੱਚ ਬੈਠਣ ਦੇ ਪੂਰੇ ਅਤੇ ਯੋਗ ਅਵਸਰ ਦਿੱਤੇ ਜਾਣਗੇ।
5. ਜਿੰਨ੍ਹਾਂ ਵਿਦਿਆਰਥੀਆਂ ਦੀਆਂ ਕੰਡੀਸ਼ਨਾਂ ਪੂਰੀਆਂ ਨਹੀਂ ਹੋਣਗੀਆਂ ਉਹ ਕਿਸੇ ਵੀ ਇਨਾਮ ਦੇ ਹੱਕਦਾਰ ਨਹੀਂ ਹੋਣਗੇ। ਖੇਤਰ ਭਾਵੇਂ (ਅਕਾਦਮਿਕ, ਸਪੋਰਟਸ, ਸੱਭਿਆਚਾਰਕ ਗਤੀਵਿਧੀਆਂ, ਐਨ.ਸੀ.ਸੀ., ਐਨ.ਐਸ.ਐਸ. ਆਦਿ) ਕੋਈ ਵੀ ਹੋਵੇ।
6. ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਕਲੈਡੰਰ ਅਨੁਸਾਰ ਜਿਹੜੇ ਵਿਦਿਆਰਥੀ ਯੂਨੀਵਰਸਿਟੀ ਦੇ ਖੇਡ ਮੁਕਾਬਲਿਆਂ ਵਿੱਚ ਭਾਗ ਲੈਣਗੇ, ਕੇਵਲ ਉਨ੍ਹਾਂ ਵਿਦਿਆਰਥੀਆਂ ਨੂੰ ਹੀ ਇਨਾਮ ਦੇ ਹੱਕਦਾਰ ਮੰਨਿਆ ਜਾਵੇਗਾ।
7. ਸਪੋਰਟਸ, ਸੱਭਿਆਚਾਰਕ, ਐਨ.ਐਸ.ਐਸ. ਅਤੇ ਸਹਿ-ਵਿੱਦਿਅਕ ਗਤੀਵਿਧੀਆਂ ਵਿੱਚ ਭਾਗ ਲੈਣ ਵਾਲੇ ਵਿਦਿਆਰਥੀ/ਪ੍ਰਤੀਯੋਗੀ ਆਪਣੀ ਪ੍ਰਤੀਯੋਗਤਾ ਵਿੱਚ ਆਪਣੀ ਕਾਰਗੁਜ਼ਾਰੀ ਦਾ ਪ੍ਰਮਾਣ ਆਪਣੇ ਪ੍ਰੋ. ਇੰਚਾਰਜ਼ ਤੋਂ ਤਸਦੀਕ ਕਰਵਾ ਕੇ ਸੰਬੰਧਿਤ ਕਲਰਕ ਨੂੰ ਦੇਣਗੇ। ਕੇਵਲ ਇਸ ਰਿਕਾਰਡ ਦੇ ਆਧਾਰ ਤੇ ਹੀ ਸਲਾਨਾ ਇਨਾਮ ਵੰਡ ਸਮਾਰੋਹ ਲਈ ਵਿਦਿਆਰਥੀ ਪ੍ਰਤੀਯੋਗੀਆਂ ਦੀ ਯੋਗਤਾ ਅਨੁਸਾਰ ਇਨਾਮ ਦਿੱਤੇ ਜਾਣਗੇ।

# ਜਮ੍ਹਾਂ ਕੀਤੀ ਫੀਸ ਵਾਪਿਸ ਨਹੀਂ ਕੀਤੀ ਜਾਵੇਗੀ।

## ਸਾਲ: 2022-23 ਦੌਰਾਨ ਵੱਖ-ਵੱਖ ਕਲਾਸਾਂ ਤੋਂ ਲਏ ਜਾਣ ਵਾਲੇ ਫੰਡ ਅਤੇ ਫੀਸ ਦੇ ਵੇਰਵੇ

### ਬੀ.ਏ. ਭਾਗ ਪਹਿਲਾ (ਸਮੈਸਟਰ ਸਿਸਟਮ)

| | ਪੰਜਾਬ ਬੋਰਡ | ਬਾਹਰਲੇ ਬੋਰਡ | ਐਸ. ਸੀ. ਵਿਦਿਆਰਥੀ | 1. ਪ੍ਰੈਕਟੀਕਲ | 2. ਪ੍ਰੈਕਟੀਕਲ | ਬਾਹਰਲੇ ਬੋਰਡ 1. ਪ੍ਰੈਕਟੀਕਲ | ਬਾਹਰਲੇ ਬੋਰਡ 1. ਪ੍ਰੈਕਟੀਕਲ |
|---|---|---|---|---|---|---|---|
| ਲੜਕੇ | 9904/- | 10054/- | 2700/- | 11274/- | 11424/- | 9804/- | 11594/- |
| ਲੜਕੀਆਂ | 9760/- | 9910/- | 2700/- | 11130/- | 11280/- | 9660/- | 11450/- |

### ਬੀ.ਏ. ਭਾਗ ਦੂਜਾ ਅਤੇ ਤੀਜਾ (ਸਮੈਸਟਰ ਸਿਸਟਮ)

| | ਪੰਜਾਬੀ ਯੂਨੀ. ਨਾਲ ਪਹਿਲਾ ਰਜਿਸਟਰਡ ਵਿਦਿਆਰਥੀ | ਐਸ. ਸੀ. ਵਿਦਿਆਰਥੀ | 1. ਪ੍ਰੈਕਟੀਕਲ | 2. ਪ੍ਰੈਕਟੀਕਲ | ਬਾਹਰਲੀ ਯੂਨੀ. + ਪ੍ਰੈਕਟੀਕਲ |
|---|---|---|---|---|---|
| ਲੜਕੇ | 8284/- | 2570/- | 9654/- | 9804/- | 11754/- |
| ਲੜਕੀਆਂ | 8140/- | 2570/- | 9510/- | 9660/- | 11610/- |

## ਬੀ.ਕਾਮ ਭਾਗ-ਪਹਿਲਾ (ਸਮੈਸਟਰ ਸਿਸਟਮ)

| | ਪੰਜਾਬ ਬੋਰਡ | ਬਾਹਰਲੇ ਬੋਰਡ | ਐਸ. ਸੀ. ਵਿਦਿਆਰਥੀ |
|---|---|---|---|
| ਲੜਕੇ | 11274/- | 11444/- | 2700/- |
| ਲੜਕੀਆਂ | 11130/- | 11300/- | 2700/- |

## ਬੀ.ਕਾਮ. ਭਾਗ ਦੂਜਾ ਅਤੇ ਤੀਜਾ (ਸਮੈਸਟਰ ਸਿਸਟਮ)

| | ਪੰਜਾਬ ਬੋਰਡ | ਬਾਹਰਲੇ ਬੋਰਡ | ਐਸ. ਸੀ. ਵਿਦਿਆਰਥੀ |
|---|---|---|---|
| ਲੜਕੇ | 8284/- | 10234/- | 2570/- |
| ਲੜਕੀਆਂ | 8140/- | 10090/- | 2570/- |

## ਬੀ.ਐਸ.ਸੀ ਮੈਡੀਕਲ ਭਾਗ ਪਹਿਲਾ (ਸਮੈਸਟਰ ਸਿਸਟਮ)

| | ਪੰਜਾਬ ਬੋਰਡ | ਬਾਹਰਲੀ ਯੂਨੀ. ਅਤੇ ਪ੍ਰੈਕ | ਐਸ. ਸੀ. ਵਿਦਿਆਰਥੀ |
|---|---|---|---|
| ਲੜਕੇ | 11574/- | 11744/- | 2700/- |
| ਲੜਕੀਆਂ | 11430/- | 11600/- | 2700/- |

## ਬੀ.ਐਸ.ਸੀ ਮੈਡੀਕਲ ਭਾਗ ਦੂਜਾ ਅਤੇ ਤੀਜਾ (ਸਮੈਸਟਰ ਸਿਸਟਮ)

| | ਪੰਜਾਬੀ ਯੂਨੀ. ਨਾਲ ਪਹਿਲਾ ਰਜਿਸਟਰਡ ਵਿਦਿਆਰਥੀ | ਬਾਹਰਲੀ ਯੂਨੀ. ਅਤੇ ਪ੍ਰੈਕ | ਐਸ. ਸੀ. ਵਿਦਿਆਰਥੀ |
|---|---|---|---|
| ਲੜਕੇ | 9954/- | 11904/- | 2570/- |
| ਲੜਕੀਆਂ | 9810/- | 11760/- | 2570/- |

## ਬੀ.ਐਸ.ਸੀ ਨਾਨ ਮੈਡੀਕਲ ਭਾਗ ਪਹਿਲਾ (ਸਮੈਸਟਰ ਸਿਸਟਮ)

| | ਪੰਜਾਬ ਬੋਰਡ | ਬਾਹਰਲੀ ਯੂਨੀ. ਅਤੇ ਪ੍ਰੈਕ | ਐਸ. ਸੀ. ਵਿਦਿਆਰਥੀ |
|---|---|---|---|
| ਲੜਕੇ | 11424/- | 11594/- | 2700/- |
| ਲੜਕੀਆਂ | 11280/- | 11450/- | 2700/- |

## ਬੀ.ਐਸ.ਸੀ ਨਾਨ ਮੈਡੀਕਲ ਭਾਗ ਦੂਜਾ ਅਤੇ ਤੀਜਾ (ਸਮੈਸਟਰ ਸਿਸਟਮ)

| | ਪੰਜਾਬ ਬੋਰਡ | ਬਾਹਰਲੀ ਯੂਨੀ. ਅਤੇ ਪ੍ਰੈਕ | ਐਸ. ਸੀ. ਵਿਦਿਆਰਥੀ |
|---|---|---|---|
| ਲੜਕੇ | 9804/- | 11754/- | 2570/- |
| ਲੜਕੀਆਂ | 9660/- | 11610/- | 2570/- |

## ਬੀ.ਐਸ.ਸੀ. ਐਗਰੀਕਲਚਰ ਆਨਰਜ਼ ਭਾਗ ਪਹਿਲਾ (ਰੈਗੂਲਰ ਕੋਰਸ)

| | ਪੰਜਾਬ ਬੋਰਡ | ਬਾਹਰਲੇ ਬੋਰਡ | ਐਸ. ਸੀ. ਵਿਦਿਆਰਥੀ |
|---|---|---|---|
| ਲੜਕੇ | 12124/- | 12294/- | 2700/- |
| ਲੜਕੀਆਂ | 11980/- | 12150/- | 2700/- |

## ਬੀ.ਐਸ.ਸੀ. ਐਗਰੀਕਲਚਰ ਆਨਰਜ਼ ਭਾਗ ਦੂਜਾ, ਤੀਜਾ ਅਤੇ ਚੌਥਾ (ਰੈਗੂਲਰ ਕੋਰਸ)

| | ਪੰਜਾਬੀ ਯੂਨੀ. ਨਾਲ ਪਹਿਲਾ ਰਜਿ. ਵਿਦਿਆਰਥੀ | ਬਾਹਰਲੀ ਯੂਨੀ. ਅਤੇ ਪ੍ਰੈਕ | ਐਸ. ਸੀ. ਵਿਦਿਆਰਥੀ |
|---|---|---|---|
| ਲੜਕੇ | 10504/- | 12454/- | 2570/- |
| ਲੜਕੀਆਂ | 10360/- | 12310/- | 2570/- |

## ਬੀ.ਐਸ.ਸੀ. ਐਗਰੀਕਲਚਰ ਆਨਰਜ਼ ਭਾਗ ਪਹਿਲਾ (ਸੈਲਫ ਫਾਈਨੈਂਸ ਕੋਰਸ ਤਹਿਤ)

| | ਪੰਜਾਬ ਬੋਰਡ | ਬਾਹਰਲੇ ਬੋਰਡ | ਐਸ. ਸੀ. ਵਿਦਿਆਰਥੀ |
|---|---|---|---|
| ਲੜਕੇ | 40924/- | 41094/- | 31500/- |
| ਲੜਕੀਆਂ | 40780/- | 40950/- | 31500/- |

## ਬੀ.ਐਸ.ਸੀ. ਐਗਰੀਕਲਚਰ ਆਨਰਜ਼ ਭਾਗ ਦੂਜਾ, ਤੀਜਾ ਅਤੇ ਚੌਥਾ (ਸੈਲਫ ਫਾਈਨੈਂਸ ਕੋਰਸ ਤਹਿਤ)

| | ਪੰਜਾਬੀ ਯੂਨੀ. ਨਾਲ ਪਹਿਲਾ ਰਜਿਸਟਰਡ ਵਿਦਿਆਰਥੀ | ਬਾਹਰਲੀਆਂ ਯੂਨੀ. | ਐਸ. ਸੀ. ਵਿਦਿਆਰਥੀ |
|---|---|---|---|
| ਲੜਕੇ | 39304/- | 41254/- | 31370/- |
| ਲੜਕੀਆਂ | 39160/- | 41110/- | 31370/- |

## ਬੀ.ਸੀ.ਏ. ਭਾਗ ਪਹਿਲਾ (ਸੈਲਫ ਫਾਈਨੈਂਸ ਕੋਰਸ ਤਹਿਤ)

| | ਪੰਜਾਬ ਬੋਰਡ | ਬਾਹਰਲੇ ਬੋਰਡ | ਐਸ. ਸੀ. ਵਿਦਿਆਰਥੀ |
|---|---|---|---|
| ਲੜਕੇ | 29168/- | 29338/- | 20444/- |
| ਲੜਕੀਆਂ | 29024/- | 29194/- | 20444/- |

## ਬੀ.ਸੀ.ਏ. ਭਾਗ ਦੂਜਾ ਅਤੇ ਤੀਜਾ (ਸੈਲਫ ਫਾਈਨੈਂਸ ਕੋਰਸ ਤਹਿਤ)

| | ਪੰਜਾਬੀ ਯੂਨੀ. ਨਾਲ ਪਹਿਲਾ ਰਜਿਸਟਰਡ ਵਿਦਿਆਰਥੀ | ਬਾਹਰਲੀਆਂ ਯੂਨੀ. | ਐਸ. ਸੀ. ਵਿਦਿਆਰਥੀ |
|---|---|---|---|
| ਲੜਕੇ | 26548/- | 28498/- | 19314/- |
| ਲੜਕੀਆਂ | 26404/- | 28354/- | 19314/- |

## ਐਮ.ਏ. ਪੰਜਾਬੀ ਅਤੇ ਇਕਨਾਮਿਕਸ ਭਾਗ ਪਹਿਲਾ ਅਤੇ ਦੂਜਾ(ਸਮੈਸਟਰ ਸਿਸਟਮ)

| | ਪੰਜਾਬੀ ਯੂਨੀ. ਨਾਲ ਪਹਿਲਾ ਰਜਿਸਟਰਡ ਵਿਦਿਆਰਥੀ | ਬਾਹਰਲੀ ਯੂਨੀ. | ਐਸ. ਸੀ. ਵਿਦਿਆਰਥੀ |
|---|---|---|---|
| ਲੜਕੇ ਭਾਗ ਪਹਿਲਾ | 8355/- | 10285/- | 2600/- |
| ਲੜਕੀਆਂ ਭਾਗ ਪਹਿਲਾ | 8355/- | 10285/- | 2570/- |
| ਲੜਕੇ ਭਾਗ ਦੂਜਾ | 8325/- | - | 2570/- |
| ਲੜਕੀਆਂ ਭਾਗ ਦੂਜਾ | 8325/- | - | 2570/- |

## ਐਮ.ਏ. ਅੰਗ੍ਰੇਜ਼ੀ ਭਾਗ ਪਹਿਲਾ (ਸੈਲਫ ਫਾਈਨੈਂਸ ਕੋਰਸ ਤਹਿਤ)

| | ਪੰਜਾਬੀ ਯੂਨੀ. ਨਾਲ ਪਹਿਲਾ ਰਜਿ. ਵਿਦਿਆਰਥੀ | ਬਾਹਰਲੀ ਯੂਨੀ. | ਐਸ. ਸੀ. ਵਿਦਿਆਰਥੀ |
|---|---|---|---|
| ਲੜਕੇ ਅਤੇ ਲੜਕੀਆਂ | 23355/- | 25285/- | 17370/- |

## ਐਮ.ਏ. ਅੰਗ੍ਰੇਜ਼ੀ ਭਾਗ ਦੂਜਾ (ਸੈਲਫ ਫਾਈਨੈਂਸ ਕੋਰਸ ਤਹਿਤ)

| | ਪੰਜਾਬੀ ਯੂਨੀ. ਨਾਲ ਪਹਿਲਾ ਰਜਿ. ਵਿਦਿਆਰਥੀ | ਬਾਹਰਲੀ ਯੂਨੀ. | ਐਸ. ਸੀ. ਵਿਦਿਆਰਥੀ |
|---|---|---|---|
| ਲੜਕੇ ਅਤੇ ਲੜਕੀਆਂ | 22325/- | - | 16470/- |

## ਐਮ.ਐਸ.ਸੀ. (ਕਮਿਸਟਰੀ) ਭਾਗ ਪਹਿਲਾ (ਸੈਲਫ ਫਾਈਨੈਂਸ ਕੋਰਸ ਤਹਿਤ)

| | ਪੰਜਾਬੀ ਯੂਨੀ. ਰਜਿਸਟਰਡ | ਬਾਹਰਲੀ ਯੂਨੀ. | ਐਸ. ਸੀ. ਵਿਦਿਆਰਥੀ |
|---|---|---|---|
| ਲੜਕੇ | 34695/- | 34295/- | 25675/- |
| ਲੜਕੀਆਂ | 34695/- | 34295/- | 25675/- |

## ਐਮ.ਐਸ.ਸੀ. (ਕਮਿਸਟਰੀ) ਭਾਗ ਦੂਜਾ (ਸੈਲਫ ਫਾਈਨੈਂਸ ਕੋਰਸ ਤਹਿਤ)

| | ਪੰਜਾਬੀ ਯੂਨੀ. ਨਾਲ ਪਹਿਲਾ ਰਜਿ. ਵਿਦਿਆਰਥੀ | ਬਾਹਰਲੀ ਯੂਨੀ. | ਐਸ. ਸੀ. ਵਿਦਿਆਰਥੀ |
|---|---|---|---|
| ਲੜਕੇ ਅਤੇ ਲੜਕੀਆਂ | 34560/- | - | 25570/- |

ਜੇਕਰ ਪੰਜਾਬੀ ਯੂਨੀਵਰਸਿਟੀ, ਪਟਿਆਲਾ/ਪੰਜਾਬ ਸਰਕਾਰ ਵੱਲੋਂ ਉਪਰੋਕਤ ਫੀਸਾਂ/ਫੰਡਾਂ ਵਿੱਚ ਕੋਈ ਤਬਦੀਲੀ ਕੀਤੀ ਜਾਂਦੀ ਹੈ ਤਾਂ ਫੀਸ ਕੀਤੀ ਗਈ ਤਬਦੀਲੀ ਅਨੁਸਾਰ ਲਈ ਜਾਵੇਗੀ।

# ਵਿਭਾਗੀ ਗਤੀਵਿਧੀਆਂ



ਅੰਗਰੇਜ਼ੀ ਵਿਭਾਗ ਦੁਆਰਾ ਵਿਲੀਅਮ ਸੈਕਸ਼ਪੀਅਰ ਦੇ ਜੀਵਨ ਤੇ ਆਧਾਰਿਤ E-Quiz ਕਰਵਾਈ ਗਈ



ਪੰਜਾਬੀ ਵਿਭਾਗ ਵੱਲੋਂ ਵਿਰਾਸਤੀ ਮੇਲਾ ਅਕਤੂਬਰ 2021-2022 ਮਨਾਉਣ ਸਮੇਂ



ਹਿੰਦੀ ਵਿਭਾਗ ਵਿੱਚ ਹਿੰਦੀ ਦਿਵਸ ਆਯੋਜਨ ਦੇ ਮੌਕੇ ਤੇ



ਫਿਲਾਸਫੀ ਵਿਭਾਗ ਵਿੱਚ ਪੋਸਟਰ ਮੇਕਿੰਗ ਮੁਕਾਬਲਾ



ਕਮਰਸ ਵਿਭਾਗ ਦੇ ਵਿਦਿਆਰਥੀ ਸਾਫਟਵੇਅਰ ਟ੍ਰੇਨਿੰਗ ਲੈਂਦੇ ਹੋਏ



ਪੋਲਟੀਕਲ ਸਾਇੰਸ ਵਿਭਾਗ ਵਿੱਚ ਸਵਿਧਾਨ ਦਿਵਸ ਨੂੰ ਸਮਰਪਿਤ ਸੈਮੀਨਾਰ



ਬੋਟਨੀ ਵਿਭਾਗ ਦੇ ਵਿਦਿਆਰਥੀ ਅਤੇ ਅਧਿਆਪਕ ਪਲੇਸਮੈਂਟ ਕੈਂਪ ਦੇ ਦੌਰਾਨ



ਸੁਰ-ਆਂਗਨ ਤਿੰਨ ਰੋਜ਼ਾ ਪ੍ਰੋ. ਕ੍ਰਿਸ਼ਨ ਕਾਂਤ ਰਾਸ਼ਟਰੀ ਸੰਗੀਤ ਸਮਾਰੋਹ



ਮਿਊਜ਼ਿਕ ਵਿਭਾਗ ਵਿੱਚ ਤਿੰਨ ਰੋਜ਼ਾ ਪ੍ਰੋ. ਕ੍ਰਿਸ਼ਨ ਕਾਂਤ ਰਾਸ਼ਟਰੀ ਸੰਗੀਤ ਸਮਾਰੋਹ



ਐਗਰੀਕਲਚਰ ਵਿਭਾਗ ਦੇ ਵਿਦਿਆਰਥੀ ਡਿਸਟ੍ਰਿਕ ਇੰਮਲੋਏਮੈਂਟ ਬਿਊਰੋ ਦੀ ਵਿਜ਼ਟ ਮੌਕੇ



ਵਿਸ਼ਵ ਜਲ ਦਿਵਸ (22 ਮਾਰਚ 2022) ਮੌਕੇ ਅਰਥ ਸ਼ਾਸ਼ਤਰ ਵਿਭਾਗ ਦੇ ਵਿਦਿਆਰਥੀਆਂ ਨੂੰ ਜਲ ਦੀ ਮਹੱਤਤਾ ਅਤੇ ਜਲ-ਸ੍ਰੋਤਾਂ ਦੀ ਸੰਭਾਲ ਬਾਰੇ ਦੱਸਦੇ ਹੋਏ ਡਾ. ਪ੍ਰਿਅੰਕਾ ਮੌਂਗਾ



ਬੀ ਸੀ ਏ ਵਿਭਾਗ ਦੇ ਵਿਦਿਆਰਥੀ ਅਤੇ ਅਧਿਆਪਕ 'ਪਰਿਕਸ਼ਕਾ ਪੇ ਚਰਚਾ' ਵਿੱਚ ਭਾਗ ਲੈਂਦੇ ਹੋਏ।



ਫਿਜੀਕਲ ਐਜੂਕੇਸ਼ਨ ਵਿਭਾਗ 'ਇੰਟਰ ਕਾਲਜ ਕੁਸ਼ਤੀ' ਮੁਕਾਬਲੇ ਜਿੱਤਣ ਵਾਲੇ ਵਿਦਿਆਰਥੀ



ਫਿਜੀਕਲ ਐਜੂਕੇਸ਼ਨ ਵਿਭਾਗ 'ਇੰਟਰ ਕਾਲਜ ਕੁਸ਼ਤੀ' ਮੁਕਾਬਲੇ ਜਿੱਤਣ ਵਾਲੇ ਵਿਦਿਆਰਥੀ



ਫਿਜਿਕਸ ਵਿਭਾਗ ਵਿੱਚ 'ਲਾਇਬ੍ਰੇਰੀ' ਸਥਾਪਿਤ ਕਰਦੇ ਸਮੇਂ



ਮੈਥ ਵਿਭਾਗ ਦੇ ਵਿਦਿਆਰਥੀ ਅਤੇ ਅਧਿਆਪਕ ਰੋਜ਼ਗਾਰ ਆਫਿਸ ਵਿਜ਼ਟ ਸਮੇਂ



ਕਮਿਸਟਰੀ ਵਿਭਾਗ ਵਿੱਚ ਕਰਵਾਏ ਗਏ ਪੋਸਟਰ ਮੇਕਿੰਗ ਮੁਕਾਬਲੇ



ਹਿਸਟਰੀ ਵਿਭਾਗ 'ਚਾਰ ਸਹਿਬਜ਼ਾਦਿਆਂ ਦੀ ਸ਼ਹੀਦੀ ਦਿਵਸ' ਮਨਾਉਂਦੇ ਹੋਏ



ਜੋਗਰਫੀ ਵਿਭਾਗ ਦੇ ਟੀਚਰ, ਪ੍ਰਿੰਸੀਪਲ ਡਾ. ਪਰਮਿੰਦਰ ਸਿੰਘ ਦਾ ਸੁਆਗਤ ਕਰਦੇ ਹੋਏ



ਬਾਇਓਲੋਜੀ ਵਿਭਾਗ ਵਿੱਚ ਸਾਹਿਬਜਾਦਿਆਂ ਦੇ ਸ਼ਹੀਦੀ ਪੁਰਬ ਨੂੰ ਸਮਰਪਿਤ ਕਰਵਾਏ ਗਏ ਸੁਖਮਨੀ ਸਾਹਿਬ ਦੇ ਪਾਠ ਦੌਰਾਨ ਪ੍ਰਿੰਸੀਪਲ ਅਤੇ ਵਿਦਿਆਰਥੀ

# ਸਹਿ ਵਿੱਦਿਅਕ ਗਤੀਵਿਧੀਆਂ



ਕਾਲਜ ਮੈਨਜਮੈਂਟ ਕਮੇਟੀ ਕਾਲਜ ਨੂੰ
District Green Champion Award ਮਿਲਣ ਦੇ ਮੌਕੇ ਤੇ



ਐਨ.ਐਸ.ਐਸ ਵਿਭਾਗ ਵੱਲੋਂ
ਮਹਿਲਾ ਦਿਵਸ ਮਨਾਉਣ ਸਮੇਂ



ਜਗਤ ਗੁਰੂ ਨਾਨਕ ਦੇਵ ਪੰਜਾਬ ਰਾਜ ਓਪਨ ਯੂਨੀਵਰਸਿਟੀ
ਅਧੀਨ ਚਲਾਏ ਜਾ ਰਹੇ ਸਪੋਰਟ ਸੈਂਟਰ ਦਾ ਉਦਘਾਟਨ



ਲੜਕੀਆਂ ਦੀ ਸਿਹਤ ਸੰਭਾਲ ਅਤੇ ਸਰਵਪੱਖੀ ਸਸ਼ਕਤੀਅਤ
ਉਸਾਰੀ ਵਿਸ਼ੇ ਤੇ ਬੋਲਦੇ ਹੋਏ।



ਕਾਲਜ ਦੇ ਸਾਬਕਾ ਮੁੱਖੀ ਹਿੰਦੀ ਵਿਭਾਗ ਡਾ. ਨਿਰਮਲ ਕੌਸ਼ਿਲ ਜੀ ਕਾਲਜ
ਲਾਈਬ੍ਰੇਰੀ ਲਈ ਆਪਣੀਆਂ ਲਿਖੀਆਂ 16 ਪੁਸਤਕਾਂ ਭੇਟ ਕਰਨ ਸਮੇਂ



ਕਾਲਜ ਦਾ ਸਲਾਨਾ ਇਨਾਮ ਵੰਡ ਸਮਾਰੋਹ



ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੀ ਕੰਧ
ਪਤਰੀਕਾ ਦਾ ਉਦਘਾਟਨ



ਨਹਿਰੂ ਯੁਵਾ ਕੇਂਦਰ ਫਰੀਦਕੋਟ ਵੱਲੋਂ
ਯੂਥ ਪਾਰਲੀਮੈਂਟ ਦਾ ਆਯੋਜਨ



ਇੰਟਰ ਕਾਲਜ ਯੂਥ ਫੈਸਟੀਵਲ ਦੇ
ਜੇਤੂ ਵਿਦਿਆਰਥੀ



ਭਾਸ਼ਾ ਵਿਭਾਗ ਪੰਜਾਬ ਵੱਲੋਂ ਕਰਵਾਏ
ਗਏ ਸਾਹਿਤਕ ਕੁਇਜ਼ ਮੁਕਾਬਲੇ ਦਾ ਜੇਤੂ ਵਿਦਿਆਰਥੀ



Technaitra Company ਦੇ ਨਾਲ Mou Sign
ਕਰਦੇ ਹੋਏ



सत्यमेव जयते

भारत सरकार / Government of India

महात्मा गांधी राष्ट्रीय ग्रामीण शिक्षा परिषद / Mahatma Gandhi National Council of Rural Education

उच्चशिक्षाविभाग/Department of Higher Education

शिक्षामंत्रालय / Ministry of Education

Where there is Rural Wellbeing there is Universal Prosperity

# *District Green Champion Certificate*

This is to certify that **GOVT. BRIJINDRA COLLEGE** is hereby recognized as **District Green Champion** for **Faridkot** District, Punjab for the Academic Year 2021-22. The institution has successfully elevated the Swachhta Action Plan, adopted and implemented best practices in the areas of Sanitation, Hygiene, Waste Management, Water Management, Energy Management and Greenery Management.

**Dr W G Prasanna Kumar**
**Chairman, MGNCRE**
**Ministry of Education, Government of India**

तारीख / Date : 12.03.2022
ज्ञापनसंख्या/ Memo no: MGNCRE/SAP22/23



ਅੰਤਰ ਖੇਤਰੀ ਯੁਵਕ ਮੇਲੇ ਤੇ ਵਿਦਿਆਰਥੀਆਂ ਵੱਲੋਂ ਜਿੱਤੀਆਂ ਗਈਆਂ ਟਰਾਫੀਆਂ ਦੇ ਨਾਲ




ਕਾਲਜ਼ ਵਿੱਚ ਕਰਵਾਈ ਗਈ Alumni Meet



ਕਾਲਜ਼ ਦਾ 80ਵਾਂ ਸਥਾਪਨਾ ਦਿਵਸ ਸਮਾਰੋਹ



ਪ੍ਰਿੰਸੀਪਲ ਡਾ. ਪਰਮਿੰਦਰ ਸਿੰਘ ਦਾ ਸਵਾਗਤ ਕਰਦਾ ਸਟਾਫ



ਕਾਲਜ਼ ਵਿੱਚ ਗਣਤੰਤਰ ਦਿਵਸ ਮੌਕੇ ਝੰਡਾ ਚੜਾਉਣ ਦੀ ਰਸਮ ਅਦਾ ਕਰਦੇ ਹੋਏ



ਕਾਲਜ਼ ਦਾ 80ਵਾਂ ਸਾਲਾਨਾ ਇਨਾਮ ਵੰਡ ਸਮਾਰੋਹ



ਦਫਤਰੀ ਸਟਾਫ ਵੱਲੋਂ ਪ੍ਰਿੰਸੀਪਲ ਡਾ. ਸੁਰਜੀਤ ਸਿੰਘ ਦਾ ਸਵਾਗਤ



ਅਜ਼ਾਦੀ ਦਿਵਸ ਮੌਕੇ ਪ੍ਰਿੰਸੀਪਲ ਅਤੇ ਸਟਾਫ